20

# ਪਿਤਾ ਪਰ ਪੂਤ

## (7:2-53)

ਸਾਡਾ ਪਿਛਲਾ ਪਾਠ ਵਿਸ਼ਵਾਸ ਦੇ ਯੋਧਿਆਂ ਵਿੱਚੋਂ ਇਕ, ਪਹਿਲੇ ਮਸੀਹੀ ਸ਼ਹੀਦ ਇਸਤੀਫ਼ਾਨ ਦਾ ਅਧਿਐਨ ਸੀ। ਹੁਣ ਅਸੀਂ ਇਸਤੀਫ਼ਾਨ ਦੇ ਉਸ ਉਪਦੇਸ਼ ਤੇ ਗੌਰ ਕਰਨਾ ਚਾਹੁੰਦੇ ਹਾਂ ਜੋ ਉਹਨੇ ਮਹਾਂਸਭਾ ਵਿਚ ਸੁਣਾਇਆ ਸੀ।

ਇਸਤੀਫ਼ਾਨ ਦਾ ਉਪਦੇਸ਼ ਸ਼ਾਨਦਾਰ ਹੈ। ਕਿਸੇ ਰਸੂਲ ਦੇ ਬਾਅਦ[1] ਕਿਸੇ ਦੂਜੇ ਦੁਆਰਾ ਕਹੀਆਂ ਗਈਆਂ ਕੁਝ ਗੱਲਾਂ ਵਿੱਚੋਂ ਇਹ ਇਕ ਹੈ ਅਤੇ ਕਿਤਾਬ ਵਿਚ ਸਭ ਤੋਂ ਲੰਮਾ ਸੰਦੇਸ਼ ਹੈ![2] ਉਪਦੇਸ਼ ਦੇ ਆਖ਼ਰੀ ਸ਼ਬਦਾਂ ਦੇ ਨਿਚੋੜ ਦੇ ਅਧਾਰ ਤੇ (7:51-53), ਅਸੀਂ ਪਾਠ ਦਾ ਸਿਰਲੇਖ ''ਪਿਤਾ ਪਰ ਪੂਤ'' ਰੱਖਿਆ ਹੈ। ਕਈ ਲੋਕਾਂ ਨੇ ਇਸਤੀਫ਼ਾਨ ਦੇ ਉਪਦੇਸ਼ ਨੂੰ ''ਅਖ਼ੀਰ ਵਿਚ ਕੁਝ ਗੱਲਾਂ ਨਾਲ ਯਹੂਦੀ ਇਤਿਹਾਸ ਦੀ ਧੁੰਦਲੀ ਜਿਹੀ ਸਮੀਖਿਆ ਨਾਲੋਂ ਕੁਝ ਵੱਧ'' ਕਹਿ ਕੇ ਖਾਰਜ ਕਰ ਦਿੱਤਾ ਸੀ। ਪਰ ਹਰ ਗੱਲ ਇਸ ਵੱਲ ਇਸ਼ਾਰਾ ਕਰਦੀ ਹੈ ਕਿ ਇਹ ਉਪਦੇਸ਼ ਪ੍ਰਮੇਸ਼ਵਰ ਦੀ ਪ੍ਰੇਰਣਾ ਨਾਲ ਦਿੱਤਾ ਗਿਆ ਸੀ ਅਤੇ ਪਾਠ ਵਿਚ ਹਰੇਕ ਵਾਕ ਦਾ ਇੱਕੋ ਹੀ ਮਕਸਦ ਸੀ।

ਆਪਣੇ ਬਚਾਅ ਵਿਚ ਇਸਤੀਫ਼ਾਨ ਨੇ ਤਿੰਨ ਗੱਲਾਂ ਤੇ ਜ਼ੋਰ ਦਿੱਤਾ ਸੀ: (1) ਉਸ ਨੇ ਲਾਏ ਗਏ ਇਲਜ਼ਾਮਾਂ ਦੇ ਖ਼ਿਲਾਫ਼ ਆਪਣਾ ਪੱਖ ਰੱਖਿਆ। (2) ਅਜਿਹਾ ਕਰਦਿਆਂ ਉਹਨੇ ਇਹ ਜ਼ੋਰ ਦਿੱਤਾ ਕਿ ਦੋਸ਼ੀ ਉਹ ਨਹੀਂ, ਸਗੋਂ ਉਸ ਤੇ ਇਲਜ਼ਾਮ ਲਾਉਣ ਵਾਲੇ ਹਨ। ਯਾਨੀ ਉਹ ਓਸੇ ਇਲਜ਼ਾਮ ਦੇ ਦੋਸ਼ੀ ਸਨ ਜੋ ਉਨ੍ਹਾਂ ਨੇ ਉਹਦੇ ਉੱਤੇ ਲਾਇਆ ਸੀ। (3) ਉਹਦਾ ਪਾਠ ਮਸੀਹ ਤੇ ਹੀ ਕੇਂਦਰਿਤ ਸੀ। ਜਿਵੇਂ ਕਿ ਅਸੀਂ ਵੇਖਾਂਗੇ, ਪੂਰੇ ਉਪਦੇਸ਼ ਵਿਚ ਮਸੀਹ ਬਾਰੇ ਹੀ ਵੇਖਣ ਨੂੰ ਮਿਲਦਾ ਹੈ ਯਾਨੀ ਕਿਤੇ ਉਹਦਾ ਨਾਂਅ ਸਪਸ਼ਟ ਆਉਂਦਾ ਹੈ ਅਤੇ ਕਿਤੇ ਸੰਕੇਤ ਵਿਚ ਮਿਲਦਾ ਹੈ।[3]

### ਪਵਿੱਤਰ ਨੇਮ (7:2-16)

ਇਸਤੀਫ਼ਾਨ ਨੇ ਅਰੰਭ ਕਰਦਿਆਂ ਕਿਹਾ, ''ਹੇ ਭਾਈਓ ਅਤੇ ਹੇ ਪਿਤਰੋ, ਸੁਣੋ!'' (7:2)। ਉਹਦੇ ਸ਼ਬਦਾਂ ਤੋਂ ਸਭਾ ਪ੍ਰਤੀ ਉਹਦੇ ਦਿਲ ਵਿਚ ਸਨਮਾਨ ਵਿਖਾਈ ਦਿੰਦਾ ਸੀ।[4] ਯਹੂਦੀ ਲੋਕਾਂ ਨੂੰ ਆਪਣੀ ਕੌਮ ਦਾ ਇਤਿਹਾਸ ਬਾਰ ਬਾਰ ਸੁਣਨਾ ਚੰਗਾ ਲਗਦਾ ਸੀ ਕਿਉਂਕਿ; ਇਸ ਨਾਲ ਇਸ ਗੱਲ ਨੂੰ ਬਲ ਮਿਲਦਾ ਸੀ ਕਿ ਉਹ ਖ਼ੁਦਾ ਦੇ ਖ਼ਾਸ ਲੋਕ ਹਨ। ਇਸਤੀਫ਼ਾਨ ਦੇ ਪਹਿਲੇ ਸ਼ਬਦ ਉਨ੍ਹਾਂ ਦੇ ਹਥਿਆਰ ਸੁਟਾਉਣ ਵਾਲੇ ਸਨ:

> ਸਾਡੇ ਪਿਤਾ ਅਬਰਾਹਾਮ ਨੂੰ ਹਾਰਾਨ ਵਿਚ ਵੱਸਣ ਤੋਂ ਅੱਗੇ[5] ਜਦ ਉਹ ਮੈਸੋਪੋਤਾਮੀਆ ਵਿਚ ਸੀ ਤੇਜ ਰੂਪ ਪ੍ਰਮੇਸ਼ਵਰ ਵਿਖਾਈ ਦਿੱਤਾ। ਅਤੇ ਉਹ ਨੂੰ ਆਖਿਆ, ਤੂੰ ਆਪਣੇ

> ਦੇਸ ਅਤੇ ਆਪਣੇ ਸਾਕਾਂ ਵਿੱਚੋਂ ਨਿੱਕਲ ਕੇ ਉਸ ਦੇਸ਼ ਵਿਚ ਜਿਹੜਾ ਮੈਂ ਤੈਨੂੰ ਵਿਖਾਵਾਂਗਾ ਚੱਲਿਆ ਜਾ। ਤਦ ਉਹ ਕਲਦੀਆ ਦੇ ਦੇਸ਼[6] ਤੋਂ ਨਿੱਕਲ ਕੇ ਹਾਰਾਨ ਵਿਚ ਜਾ ਵੱਸਿਆ[7] ਅਤੇ ਉਹ ਦੇ ਪਿਉ ਦੇ ਮਰਨ ਪਿੱਛੋਂ ਪ੍ਰਮੇਸ਼ਵਰ ਨੇ ਉਹ ਨੂੰ ਉੱਥੋਂ ਲਿਆ ਕੇ ਐਸ ਦੇਸ਼ ਵਿਚ ਵਸਾਇਆ ਜਿੱਥੇ ਹੁਣ ਤੁਸੀਂ ਰਹਿੰਦੇ ਹੋ।[8] ਇਹ ਦੇ ਵਿਚ ਕੁਝ ਅਧਿਕਾਰ ਸਗੋਂ ਪੈਰ ਰੱਖਣ ਦੀ ਥਾਂ ਵੀ ਨਾ ਦਿੱਤੀ[9] ਪਰ ਉਸ ਨੇ ਕਰਾਰ ਕੀਤਾ ਜੋ ਮੈਂ ਇਹ ਧਰਤੀ ਤੈਨੂੰ ਅਤੇ ਤੇਰੇ ਪਿੱਛੋਂ ਤੇਰੀ ਅੰਸ ਨੂੰ ਦਿਆਂਗਾ ਭਾਵੇਂ ਉਹ ਦਾ ਬਾਲਕ ਅਜੇ ਹੈ ਨਹੀਂ ਸੀ। ਪ੍ਰਮੇਸ਼ਵਰ ਨੇ ਐਉਂ ਆਖਿਆ ਭਈ ਤੇਰੀ ਅੰਸ ਪਰਦੇਸ ਵਿਚ ਜਾ ਰਹੇਗੀ। ਅਤੇ ਉਹ ਉਸ ਨੂੰ ਗੁਲਾਮ ਬਣਾ ਕੇ ਰੱਖਣਗੇ ਅਰ ਚਾਰ ਸੌ ਵਰ੍ਹਿਆਂ ਤੀਕ ਦੁੱਖ ਦੇਣਗੇ।[10] ਫਿਰ ਪ੍ਰਮੇਸ਼ਵਰ ਨੇ ਆਖਿਆ, ਮੈ ਉਸ ਕੌਮ ਉੱਤੇ ਜਿਹਦੇ ਉਹ ਗੁਲਾਮ ਹੋਣਗੇ ਡੰਨ ਲਾਵਾਂਗਾ ਅਰ ਉਹ ਦੇ ਪਿੱਛੋਂ ਉਹ ਨਿੱਕਲ ਆਉਣਗੇ ਅਤੇ ਇਸੇ ਥਾਂ ਵਿਚ ਮੇਰੀ ਉਪਾਸਨਾ ਕਰਨਗੇ। ਅਤੇ ਉਸ ਨੇ ਉਹ ਦੇ ਨਾਲ ਸੁੰਨਤ ਦਾ ਨੇਮ ਕੀਤਾ (ਵੇਖੋ ਉਤਪਤ 17:9-14, 21)। ਸੋ ਇਸ ਤਰ੍ਹਾਂ ਉਹਦੇ ਇਸਹਾਕ ਜੰਮਿਆ ਅਤੇ ਉਹਨੇ ਅੱਠਵੇਂ ਦਿਨ ਉਹ ਦੀ ਸੁੰਨਤ ਕੀਤੀ ਅਤੇ ਇਸਹਾਕ ਦੇ ਯਾਕੂਬ ਅਰ ਯਾਕੂਬ ਦੇ ਘਰ ਬਾਰਾਂ ਗੋਤਾਂ ਦੇ ਸਰਦਾਰ ਜੰਮੇ (7:2-8)।

ਇਸਤੀਫ਼ਾਨ ਉੱਤੇ ਕੁਫ਼ਰ ਬਕਣ ਦਾ ਇਲਜ਼ਾਮ ਲੱਗਾ ਸੀ (6:11)। ਪਰ ਉਹਨੇ ਖ਼ੁਦਾ ਪ੍ਰਤੀ ਬੇਹੱਦ ਆਦਰ ਵਿਖਾਇਆ। ਉਹਨੇ ਉਸ ਨੂੰ ''ਤੇਜ ਰੂਪ ਪ੍ਰਮੇਸ਼ਵਰ''[11] ਕਿਹਾ ਅਤੇ ਧਿਆਨ ਦੁਆਇਆ ਕਿ ਪ੍ਰਮੇਸ਼ਵਰ ਨੇ ਅਬਰਾਹਾਮ ਅਤੇ ਦੂਜਿਆਂ ਦੀ ਜ਼ਿੰਦਗੀ ਵਿਚ ਕਿਵੇਂ ਕੰਮ ਕੀਤਾ ਸੀ।

ਇਸਤੀਫ਼ਾਨ ਕੁਝ ਹੋਰ ਸੱਚਾਈਆਂ ਵੀ ਕਾਇਮ ਕਰ ਰਿਹਾ ਹੋਵੇਗਾ। ਅਬਰਾਹਾਮ ਦੀ ਜ਼ਿੰਦਗੀ ਵਿਚ ਵੱਡੀਆਂ-ਵੱਡੀਆਂ ਘਟਨਾਵਾਂ ਵਾਪਰੀਆਂ ਸਨ ਜੋ ਸ਼ਰ੍ਹਾ ਦਿੱਤੇ ਜਾਣ ਤੋਂ ਪਹਿਲਾਂ ਅਤੇ ਹੈਕਲ ਦੇ ਬਣਨ ਤੋਂ ਬਹੁਤ ਪਹਿਲਾਂ ਹੋਈਆਂ ਸਨ! ਸ਼ਾਇਦ ਇਹ ਵੀ ਮਹੱਤਵਪੂਰਣ ਹੈ ਕਿ ਬਹੁਤ ਸਾਰੀਆਂ ਘਟਨਾਵਾਂ ਜਿਨ੍ਹਾਂ ਦਾ ਉਹਨੇ ਨਾਂਅ ਲਿਆ, ਫ਼ਲਸਤੀਨ ਤੋਂ ਬਾਹਰ ਵਾਪਰੀਆਂ ਸਨ! ਅਸੀਂ ਜਾਣਦੇ ਹਾਂ ਕਿ ਜਦ ਇਸਤੀਫ਼ਾਨ ਨੇ ਅਬਰਾਹਾਮ ਨੂੰ ਦਿੱਤੇ ਗਏ ਵਾਅਦੇ ਦੀ ਗੱਲ ਕੀਤੀ ਤਾਂ ਹਰੇਕ ਯਹੂਦੀ ਦੇ ਮਨ ਵਿਚ ਉਹ ਵਾਅਦਾ ਯਾਦ ਆ ਗਿਆ ਹੋਵੇਗਾ ਜਿਸ ਵਿਚ ਸਭ ਕੌਮਾਂ ਨੂੰ ਮਸੀਹ ਦੇ ਰਾਹੀਂ ਮਿਲਣ ਵਾਲੀਆਂ ਬਰਕਤਾਂ ਦੀ ਗੱਲ ਕੀਤੀ ਗਈ ਸੀ (ਉਤਪਤ 22:18; ਰਸੂਲਾਂ ਦੇ ਕੰਮ 3:25; ਗਲਾਤੀਆਂ 3:16)।

ਇਸਤੀਫ਼ਾਨ ਨੇ ਪਿਤਰਾਂ ਦੀ ਗੱਲ ਕਰਕੇ ਇਕ ਨਵੇਂ ਵਿਸ਼ੇ ਦੀ ਪਛਾਣ ਕਰਾ ਦਿੱਤੀ ਕਿ ਇਸਰਾਏਲ ਦੇ ਇਤਿਹਾਸ ਵਿਚ ਉਨ੍ਹਾਂ ਨੇ ਛੁਟਕਾਰਾ ਦੁਆਉਣ ਲਈ ਪ੍ਰਮੇਸ਼ਵਰ ਵੱਲੋਂ ਠਹਿਰਾਏ ਲੋਕਾਂ ਨੂੰ *ਠੁਕਰਾ* ਦਿੱਤਾ ਸੀ! ਪ੍ਰਮੇਸ਼ਵਰ ਵੱਲੋਂ ਸਿੱਧ ਕੀਤਾ ਛੁਟਕਾਰਾ ਦੁਆਉਣ ਵਾਲਾ ਪਹਿਲਾ ਆਦਮੀ ਯੂਸਫ਼ ਸੀ ਜਿਹਨੂੰ ਉਨ੍ਹਾਂ ਦੇ ਪੁਰਖਿਆਂ ਨੇ ਠੁਕਰਾਇਆ ਸੀ:

> ਅਤੇ ਉਨ੍ਹਾਂ ਸਰਦਾਰਾਂ ਨੇ ਯੂਸਫ਼ ਨਾਲ ਖੁਣਸ ਕਰ ਕੇ ਉਹ ਨੂੰ ਵੇਚ ਦਿੱਤਾ (ਉਤਪਤ 37:3, 4, 25-28) ਕਿ ਮਿਸਰ ਵਿਚ ਲੈ ਜਾਣ ਪਰ ਪ੍ਰਮੇਸ਼ਵਰ ਉਹ ਦੇ ਨਾਲ ਸੀ (ਉਤਪਤ 39:2, 21)। ਅਤੇ ਉਹਨੂੰ ਉਹਦੇ ਸਾਰੇ ਕਸ਼ਟਾਂ ਤੋਂ ਛੁਡਾਇਆ (ਉਤਪਤ 41:38-45, 54) ਅਤੇ ਉਹਨੂੰ ਮਿਸਰ ਦੇ ਬਾਦਸ਼ਾਹ ਫ਼ਿਰਊਨ ਦੇ ਸਾਹਮਣੇ ਕਿਰਪਾ ਅਰ ਬੁੱਧ ਦਿੱਤੀ ਅਤੇ ਉਸਨੇ ਉਹਨੂੰ ਮਿਸਰ ਦਾ ਅਤੇ ਆਪਣੇ ਸਾਰੇ ਘਰ ਦਾ ਹਾਕਮ ਬਣਾਇਆ। ਫਿਰ ਸਾਰੇ ਮਿਸਰ ਅਤੇ ਕਨਾਨ ਵਿਚ ਕਾਲ ਪਿਆ (ਉਤਪਤ 41:54) ਅਰ ਵੱਡਾ ਕਸ਼ਟ ਆਇਆ ਅਤੇ ਸਾਡੇ ਪਿਉ ਦਾਦਿਆਂ ਨੂੰ

> ਅੰਨ ਨਹੀਂ ਸੀ ਲੱਭਦਾ। ਪਰ ਜਾਂ ਯਾਕੂਬ ਨੇ ਸੁਣਿਆ ਭਈ ਮਿਸਰ ਵਿਚ ਅਨਾਜ ਹੈ ਤਾਂ ਸਾਡੇ ਪਿਉ ਦਾਦਿਆਂ ਨੂੰ ਪਹਿਲੀ ਵਾਰ ਘੱਲਿਆ। ਅਤੇ ਦੂਈ ਵਾਰ ਭਾਈਆਂ ਉੱਤੇ ਯੂਸਫ਼ ਪ੍ਰਗਟ ਹੋ ਗਿਆ ਅਰ ਯੂਸਫ਼ ਦਾ ਘਰਾਣਾ ਫ਼ਿਰਊਨ ਨੂੰ ਮਲੂਮ ਹੋ ਗਿਆ। ਤਦ ਯੂਸਫ਼ ਨੇ ਆਪਣੇ ਪਿਉ ਯਾਕੂਬ ਨੂੰ ਅਤੇ ਆਪਣੇ ਸਾਰੇ ਕੋੜਮੇ ਨੂੰ (ਉਤਪਤ 45:17-21) ਜੋ ਪੰਝੱਤਰ ਪ੍ਰਾਣੀ ਸਨ[12] ਮੰਗਾ ਲਿਆ (7:9-14)।

ਇਸਤੀਫ਼ਾਨ ਵੱਲੋਂ ਇੱਥੇ ਤਿੰਨ ਤੱਥਾਂ ਤੇ ਦਿੱਤੇ ਜ਼ੋਰ ਤੇ ਧਿਆਨ ਦਿਓ: (1) ਯੂਸਫ਼ ਦੇ ਭਰਾਵਾਂ (ਸਰਦਾਰਾਂ ਅਤੇ ਯਹੂਦੀ ਲੋਕਾਂ ਦੇ ''ਪਿਤਾਵਾਂ'') ਨੇ ਯੂਸਫ਼ ਨੂੰ ਠੁਕਰਾ ਦਿੱਤਾ। (2) ਪ੍ਰਮੇਸ਼ਵਰ ਨੇ ਉਨ੍ਹਾਂ ਨੂੰ *ਦੂਜਾ* ਮੌਕਾ ਦਿੱਤਾ (ਜਦ ਉਹ ਅਨਾਜ ਖ਼ਰੀਦਣ ਮਿਸਰ ਵਿਚ ਗਏ)। (3) ਦੂਜੀ ਵਾਰ, ਉਨ੍ਹਾਂ ਨੇ ਯੂਸਫ਼ ਨੂੰ ਆਪਣਾ ਛੁਡਾਉਣ ਵਾਲਾ ਕਬੂਲ ਕਰਨਾ *ਸੀ* ਜਾਂ ਫਿਰ (ਭੁੱਖ ਨਾਲ) ਮਰਨਾ। ਇਸਤੀਫ਼ਾਨ ਨੇ ਇਸ ਉਪਦੇਸ਼ ਵਿਚ ਇਕ ਹੋਰ ਛੁਟਕਾਰਾ ਦਵਾਉਣ ਬਾਰੇ ਇਹਨਾਂ ਸੱਚਾਈਆਂ ਤੇ ਜ਼ੋਰ ਦੇਣਾ ਸੀ।

ਇਸਤੀਫ਼ਾਨ ਤਿੰਨ ਤੋਂ ਚਾਰ ਸੌ ਸਾਲ ਦੇ ਇਤਿਹਾਸ ਨੂੰ ਟੱਪ ਗਿਆ:

> ਸੋ ਯਾਕੂਬ ਮਿਸਰ ਵਿਚ ਗਿਆ ਅਤੇ ਉਹ ਆਪ ਮਰ ਗਿਆ ਅਰ ਸਾਡੇ ਪਿਉ ਦਾਦੇ ਵੀ। ਅਤੇ ਉਹ ਸ਼ਕਮ ਵਿਚ ਪੁਚਾਏ ਗਏ[13] ਅਰ ਉਸ ਕਬਰਸਤਾਨ ਵਿਚ ਦੱਬੇ ਗਏ ਜਿਹੜਾ ਅਬਰਾਹਾਮ ਨੇ ਸ਼ਕਮ ਵਿਚ ... ਮੁੱਲ ਲਿਆ ਸੀ (7:15, 16)।[14]

## ਪਵਿੱਤਰ ਹੁਕਮ (7:17-43)

ਇਸਤੀਫ਼ਾਨ ਉੱਤੇ ਮੂਸਾ (6:11) ਅਤੇ ਸ਼ਰ੍ਹਾ (6:13) ਦੇ ਖਿਲਾਫ਼ ਕੁਫ਼ਰ ਬਕਣ ਦਾ ਇਲਜ਼ਾਮ ਲਾਇਆ ਗਿਆ ਸੀ। ਇਸ ਉਪਦੇਸ਼ ਦੀ ਖ਼ਾਸ ਗੱਲ ਮੂਸਾ ਦੀ ਕਹਾਣੀ ਸੀ। ਉਹਨੇ ਪਿਛੋਕੜ ਦੱਸਦਿਆਂ ਸ਼ੁਰੂ ਕੀਤਾ:

> ਪਰ ਜਾਂ ਉਸ ਕਰਾਰ ਦਾ ਵੇਲਾ ਜਿਹ ਦਾ ਪ੍ਰਮੇਸ਼ਵਰ ਨੇ ਅਬਰਾਹਾਮ ਨਾਲ ਨੇਮ ਕੀਤਾ ਸੀ[15] ਨੇੜੇ ਆਇਆ ਤਾਂ ਉਹ ਲੋਕ ਮਿਸਰ ਵਿਚ ਵਧਣ ਅਤੇ ਬਹੁਤ ਹੋਣ ਲੱਗੇ। ਉਸ ਵੇਲੇ ਤੀਕੁਰ ਕਿ ਮਿਸਰ ਦਾ ਇਕ ਹੋਰ ਬਾਦਸ਼ਾਹ ਹੋਇਆ ਜਿਹੜਾ ਯੂਸਫ਼ ਨੂੰ ਨਾ ਜਾਣਦਾ ਸੀ (ਕੂਚ 1:8)। ਉਹਨੇ ਸਾਡੀ ਕੌਮ ਨਾਲ ਚਤਰਾਈ ਕਰ ਕੇ ਸਾਡੇ ਪਿਉ ਦਾਦਿਆਂ ਨੂੰ ਤੰਗ ਕੀਤਾ ਭਈ ਉਹ ਆਪਣਿਆਂ ਬਾਲਕਾਂ ਨੂੰ ਬਾਹਰ ਸੁੱਟ ਦੇਣ ਕਿ ਜਿਊਂਦੇ ਨਾ ਰਹਿਣ[16] (7:17-19)।

ਇਸਤੀਫ਼ਾਨ ਦਾ ਉਪਦੇਸ਼ ਇਹ ਦੱਸਦਿਆਂ ਜਾਰੀ ਰਿਹਾ ਕਿ ਕਿਵੇਂ ਇਸ ਦੁੱਖ ਦੀ ਘੜੀ ਵਿਚ ਇਕ ਅਜਿਹੇ ਸ਼ਖ਼ਸ ਦਾ ਜਨਮ ਹੋਇਆ, ਜਿਸ ਨੂੰ ਖ਼ੁਦਾ ਨੇ ਆਪਣੇ ਲੋਕਾਂ ਨੂੰ ਛੁਡਾਉਣ ਲਈ ਵਰਤਣਾ ਸੀ:

> ਉਸ ਸਮੇਂ ਮੂਸਾ ਜੰਮਿਆ (ਕੂਚ 2:1-10) ਜੋ ਅੱਤ ਸੋਹਣਾ ਸੀ। ਉਹ ਤਿੰਨਾਂ ਮਹੀਨਿਆਂ ਤੀਕੁਰ ਆਪਣੇ ਪਿਉ ਦੇ ਘਰ ਵਿਚ ਪਲਦਾ ਰਿਹਾ। ਅਤੇ ਜਾਂ ਉਹ ਬਾਹਰ [ਸਰਕੰਡਿਆਂ ਦੀ ਟੋਕਰੀ ਵਿਚ ਰੱਖ ਕੇ ਨੀਲ ਦਰਿਆ ਵਿਚ][17] ਸੁੱਟਿਆ ਗਿਆ ਤਾਂ ਫ਼ਿਰਊਨ ਦੀ ਧੀ ਨੇ ਉਹ ਨੂੰ ਉਠਾ ਲਿਆ ਅਤੇ ਉਹਨੂੰ ਆਪਣਾ ਪੁੱਤਰ ਕਰਕੇ

> ਪਾਲਿਆ। ਸੋ ਮੂਸਾ ਨੇ ਮਿਸਰੀਆਂ ਦੀ ਸਾਰੀ ਵਿੱਦਿਆ ਸਿੱਖੀ ਅਤੇ ਆਪਣੇ ਬਚਨਾਂ ਅਤੇ ਕਰਨੀਆਂ ਵਿਚ ਸਮਰਥ ਸੀ (7:20-22)।[18]

ਇਸਤੀਫ਼ਾਨ ਨੂੰ ਸੁਣਨ ਵਾਲਿਆਂ ਵਿੱਚੋਂ ਕੋਈ ਵੀ ਇਹ ਨਹੀਂ ਮੰਨ ਸਕਦਾ ਸੀ ਕਿ ਮੂਸਾ ਲਈ ਉਹਦੇ ਮਨ ਵਿਚ ਐਨੀ ਇੱਜ਼ਤ ਸੀ।

ਫਿਰ ਉਹਨੇ ਦੱਸਿਆ ਕਿ ਮੂਸਾ ਨੇ, ਜੋ ਆਪਣੇ ਆਪ ਨੂੰ ਇਕ ਇਬਰਾਨੀ ਮੰਨਦਾ ਸੀ, ਕਿਵੇਂ ਆਪਣੇ ਲੋਕਾਂ ਨੂੰ ਛੁਟਕਾਰਾ ਦਵਾਉਣ ਦੀਆਂ ਤਰਕੀਬਾਂ ਬਣਾਈਆਂ। ਇਸਤੀਫ਼ਾਨ ਨੇ ਆਪਣੇ ਸੁਣਨ ਵਾਲਿਆਂ ਨੂੰ ਇਹ ਵੀ ਯਾਦ ਦਵਾਇਆ ਕਿ ਇਸਰਾਏਲ ਨੂੰ ਛੁਡਾਉਣ ਲਈ ਪਹਿਲੀ ਵਾਰ ਕੋਸ਼ਸ਼ ਕਰਨ ਤੇ, ਮੂਸਾ ਨੂੰ ਉਹਦੇ ਭਾਈਆਂ ਨੇ ਠੁਕਰਾ ਦਿੱਤਾ ਸੀ:

> ਜਦ ਉਹ ਪੂਰੇ ਚਾਲੀ ਵਰ੍ਹਿਆਂ ਦਾ ਹੋਣ ਲੱਗਾ[19] ਤਦ ਉਸ ਦੇ ਮਨ ਵਿਚ ਆਇਆ ਭਈ ਮੈਂ ਜਾ ਕੇ ਆਪਣੇ ਭਾਈ ਇਸਰਾਏਲੀਆਂ ਦੀ ਖਬਰ ਲਵਾਂ। ਤਦ ਇਕ ਉੱਤੇ ਵਾਧਾ ਹੁੰਦਾ ਵੇਖ ਕੇ ਉਹ ਦੀ ਸਹਾਇਤਾ ਕੀਤੀ ਅਤੇ ਮਿਸਰੀ ਨੂੰ ਜਾਨੋਂ ਮਾਰਿਆ ਅਰ ਜਿਹ ਦੇ ਨਾਲ ਜ਼ੋਰਾਵਰੀ ਹੋਈ ਸੀ ਉਸ ਦਾ ਵੱਟਾ ਲਿਆ (ਕੂਚ 2:12)। ਤਾਂ ਉਸ ਨੇ ਸੋਚਿਆ ਭਈ ਮੇਰੇ ਭਾਈ ਸਮਝਣਗੇ ਜੋ ਪ੍ਰਮੇਸ਼ਵਰ ਮੇਰੇ ਹੱਥੀਂ ਉਨ੍ਹਾਂ ਨੂੰ ਛੁਟਕਾਰਾ ਦੇਣ ਲੱਗਾ ਹੈ,[20] ਪਰ ਉਹ ਨਾ ਸਮਝੇ। ਫੇਰ ਅਗਲੇ ਭਲਕ ਜਾਂ ਉਹ ਲੜਦੇ ਸਨ ਤਾਂ ਉਨ੍ਹਾਂ ਨੂੰ ਵਿਖਾਈ ਦਿੱਤਾ ਅਤੇ ਇਹ ਕਹਿ ਕੇ ਉਨ੍ਹਾਂ ਵਿਚ ਮੇਲ ਕਰਾਉਣਾ ਚਾਹਿਆ ਕਿ ਹੇ ਪੁਰਖੋ ਤੁਸੀਂ ਤਾਂ ਭਾਈ ਭਾਈ ਹੋ। ਕਿਉਂ ਇਕ ਦੂਏ ਦੇ ਉੱਤੇ ਵਾਧਾ ਕਰਦੇ ਹੋ? ਪਰ ਜਿਹੜਾ ਆਪਣੇ ਗੁਆਂਢੀ ਦੇ ਉੱਤੇ ਵਾਧਾ ਕਰਦਾ ਸੀ ਉਸ ਨੇ ਉਹ ਨੂੰ ਧੱਕਾ ਦੇ ਕੇ ਆਖਿਆ ਭਈ ਤੈਨੂੰ ਕਿਨ ਸਾਡੇ ਉੱਤੇ ਹਾਕਮ ਅਤੇ ਨਿਆਈ ਬਣਾਇਆ ਹੈ? (ਕੂਚ 2:13, 14)। ਭਲਾ, ਤੂੰ ਮੈਨੂੰ ਭੀ ਮਾਰਨਾ ਚਾਹੁੰਦਾ ਹੈਂ ਜਿਵੇਂ ਤੈਂ ਕੱਲ੍ਹ ਉਸ ਮਿਸਰੀ ਨੂੰ ਮਾਰ ਸੁੱਟਿਆ ਸੀ? ਇਸ ਗੱਲ ਉੱਤੇ ਮੂਸਾ ਭੱਜ ਗਿਆ[21] ਅਤੇ ਮਿਦਯਾਨ ਦੇਸ ਵਿਚ ਜਾ ਰਿਹਾ। ਉੱਥੇ ਉਸ ਦੇ ਦੋ ਪੁੱਤਰ ਜੰਮੇ (7:23-29)।

ਇਸਤੀਫ਼ਾਨ ਨੇ ਇਕ ਵਾਰ ਫੇਰ ਇੰਜ ਹੀ ਯੂਸਫ਼ ਦੀ ਉਦਾਹਰਣ ਦੇ ਕੇ ਸਮਝਾਇਆ ਕਿ ਖ਼ੁਦਾ ਨੇ ਆਪਣੇ ਲੋਕਾਂ ਨੂੰ ਇਕ ਹੋਰ ਮੌਕਾ ਦਿੱਤਾ:

> ਅਤੇ ਜਾਂ ਚਾਲੀ ਵਰ੍ਹੇ ਬੀਤ ਗਏ ਤਾਂ ਸੀਨਈ ਪਹਾੜ ਦੀ ਉਜਾੜ ਵਿਚ ਇਕ ਦੂਤ[22] ਅੱਗ ਦੀ ਲੋਅ ਵਿਚ ਝਾੜੀ ਵਿੱਚੋਂ ਉਹ ਨੂੰ ਵਿਖਾਈ ਦਿੱਤਾ (ਕੂਚ 3:1-4:17)। ਮੂਸਾ ਨੇ ਵੇਖ ਕੇ ਉਸ ਦਰਸ਼ਣ ਤੋਂ ਅਚਰਜ ਮੰਨਿਆ ਅਤੇ ਜਾਂ ਤੱਕਣ ਲਈ ਨੇੜੇ ਢੁਕਿਆ ਤਾਂ ਪ੍ਰਭੂ ਦੀ ਅਵਾਜ਼ ਆਈ। ਭਈ ਮੈਂ ਤੇਰੇ ਪਿਉ ਦਾਦਿਆਂ ਦਾ ਪ੍ਰਮੇਸ਼ਵਰ ਹਾਂ, ਅਬਰਾਹਾਮ ਦਾ ਅਤੇ ਇਸਹਾਕ ਦਾ ਅਤੇ ਯਾਕੂਬ ਦਾ ਪ੍ਰਮੇਸ਼ਵਰ। ਤਦ ਮੂਸਾ ਕੰਬ ਉੱਠਿਆ ਅਤੇ ਉਹ ਨੂੰ ਤੱਕਣ ਦਾ ਹਿਆਉ ਨਾ ਪਿਆ। ਤਦ ਪ੍ਰਭੂ ਨੇ ਉਹ ਨੂੰ ਆਖਿਆ ਕਿ ਆਪਣੇ ਪੈਰਾਂ ਦੀ ਜੁੱਤੀ ਲਾਹ ਕਿਉਂ ਜੋ ਇਹ ਥਾਂ ਜਿੱਥੇ ਤੂੰ ਖਲੋਤਾ ਹੈਂ ਪਵਿੱਤਰ ਧਰਤੀ ਹੈ। ਮੈਂ ਦ੍ਰਿਸ਼ਟ ਕਰ ਕੇ ਆਪਣੇ ਲੋਕਾਂ ਦਾ ਜਿਹੜੇ ਮਿਸਰ ਵਿਚ ਹਨ ਕਸ਼ਟ ਵੇਖਿਆ ਅਤੇ ਮੈਂ ਉਨ੍ਹਾਂ ਦੇ ਹੌਕੇ ਸੁਣ ਕੇ ਉਨ੍ਹਾਂ ਨੂੰ ਛੁਡਾਉਣ ਉੱਤਰਿਆ ਹਾਂ ਇੱਥੇ। ਸੋ ਹੁਣ ਆ, ਮੈਂ ਤੈਨੂੰ ਮਿਸਰ ਵਿਚ ਘੱਲਾਂਗਾ (7:30-34)।

ਇਸ ਤੋਂ ਪਹਿਲਾਂ ਕਿ ਕਿਸੇ ਤਰ੍ਹਾਂ ਉਹ ਇਸ ਗੱਲ ਤੋਂ ਖੁੰਝ ਜਾਂਦੇ ਕਿ ਮੂਸਾ ਖ਼ੁਦਾ ਵੱਲੋਂ ਭੇਜਿਆ ਗਿਆ ਛੁਟਕਾਰਾ ਦੁਆਉਣ ਵਾਲਾ ਸੀ ਅਤੇ ਉਨ੍ਹਾਂ ਦੇ ਪਿਓ ਦਾਦਿਆਂ ਨੇ ਉਸ ਨੂੰ ਠੁਕਰਾ ਦਿੱਤਾ ਸੀ, ਇਸਤੀਫ਼ਾਨ ਨੇ ਇਹ ਸਾਫ਼ ਕਰ ਦਿੱਤਾ ਕਿ ''ਓਸੇ ਮੂਸਾ ਨੂੰ ਜਿਸ ਤੋਂ ਉਨ੍ਹਾਂ ਇਨਕਾਰ ਕਰ ਕੇ ਕਿਹਾ ਜੋ ਤੈਨੂੰ ਕਿਹ ਨੇ ਹਾਕਮ ਅਤੇ ਨਿਆਈਂ ਬਣਾਇਆ? ਓਸੇ ਨੂੰ ਪ੍ਰਮੇਸ਼ਵਰ ਨੇ ਉਸ ਦੂਤ ਦੇ ਹੱਥੀਂ ਜੋ ਉਹ ਨੂੰ ਝਾੜੀ ਵਿਚ ਵਿਖਾਈ ਦਿੱਤਾ ਸੀ ਹਾਕਮ ਅਤੇ ਛੁਟਕਾਰਾ ਦੇਣ ਵਾਲਾ ਕਰਕੇ ਘੱਲਿਆ'' (7:35)। ਯੂਸਫ਼ ਦੀ ਕਹਾਣੀ ਵਾਂਗ, ਜੇ ਉਹ ਖ਼ੁਦਾ ਦੇ ਛੁਡਾਉਣ ਵਾਲੇ ਨੂੰ *ਦੂਜੀ* ਵਾਰ ਠੁਕਰਾ ਦਿੰਦੇ (ਅਤੇ ਉਹ ਮਿਸਰ ਤੋਂ ਨਿੱਕਲਣ ਲਈ ਉਹਦੇ ਮਗਰ ਨਾ ਆਉਂਦੇ), ਤਾਂ ਮਾਰੇ ਜਾਂਦੇ (ਗੁਲਾਮੀ ਵਿਚ)।

ਆਇਤ 35 ਨਾਲ ਇਸਤੀਫ਼ਾਨ ਨੇ ਮੂਸਾ ਦੀ ਇਕ ਛੋਟੀ ਜਿਹੀ ਤਸਵੀਰ ਬਣਾ ਦਿੱਤੀ:

> ਓਸੇ ਮੂਸਾ ਨੂੰ ਜਿਸ ਤੋਂ ਉਨ੍ਹਾਂ ਇਨਕਾਰ ਕਰ ਕੇ ਕਿਹਾ ... ਓਸੇ ਨੂੰ ਪ੍ਰਮੇਸ਼ਵਰ ਨੇ ਉਸ ਦੂਤ ਦੇ ਹੱਥੀਂ ਜੋ ਉਹ ਨੂੰ ਝਾੜੀ ਵਿਚ ਵਿਖਾਈ ਦਿੱਤਾ ਸੀ ਹਾਕਮ ਅਤੇ ਛੁਟਕਾਰਾ ਦੇਣ ਵਾਲਾ ਕਰਕੇ ਘੱਲਿਆ। ਇਹੋ ਮਨੁੱਖ ਮਿਸਰ ਵਿਚ ਅਤੇ ਲਾਲ ਸਮੁੰਦਰ ਵਿਚ ਅਤੇ ਉਜਾੜ ਵਿਚ ਚਾਲੀ ਵਰ੍ਹਿਆਂ ਤੀਕਰ ਅਚੰਭੇ ਅਤੇ ਨਿਸ਼ਾਨ ਵਿਖਾ ਕੇ ਉਨ੍ਹਾਂ ਨੂੰ ਕੱਢ ਲਿਆਇਆ। ਇਹ ਓਹੋ ਮੂਸਾ ਹੈ ਜਿਨ ਇਸਰਾਏਲ ਦਿਆਂ ਪੁੱਤਾਂ ਨੂੰ ਆਖਿਆ ਭਈ ਪ੍ਰਮੇਸ਼ਵਰ ਤੁਹਾਡੇ ਭਾਈਆਂ ਵਿੱਚੋਂ ਤੁਹਾਡੇ ਲਈ ਮੇਰੇ ਜਿਹਾ ਇਕ ਨਬੀ ਖੜਾ ਕਰੇਗਾ (ਵਿਵਸਥਾਸਾਰ 18:15-19; ਤੁਲਨਾ ਰਸੂਲਾਂ ਦੇ ਕੰਮ 3:22, 23)। ਇਹ ਓਹੋ ਹੈ ਜੋ ਉਜਾੜ ਦੀ ਕਲੀਸੀਆ[23] ਵਿਚ ਉਸ ਦੂਤ ਦੇ ਸੰਗ ਜਿਹੜਾ ਸੀਨਈ ਦੇ ਪਹਾੜ ਉੱਤੇ ਉਹ ਦੇ ਨਾਲ ਬੋਲਿਆ ਅਤੇ ਸਾਡੇ ਪਿਉ ਦਾਦਿਆਂ ਦੇ ਸੰਗ ਸੀ, ਅਤੇ ਉਸ ਨੇ ਜਿਊਣ ਦੇ ਵਚਨ ਪਾਏ ਭਈ ਸਾਨੂੰ ਸੌਂਪ ਦੇਵੇ (7:35-38)।

ਮੂਸਾ ਦੀ ਜ਼ਿੰਦਗੀ ਦੇ ਆਖ਼ਰੀ ਚਾਲ੍ਹੀਆਂ ਸਾਲਾਂ ਦੇ ਇਸ ਰੇਖਾ ਚਿੱਤਰ ਵਿਚ ਇਸਤੀਫ਼ਾਨ ਨੇ ਮੂਸਾ ਅਤੇ ਮੂਸਾ ਰਾਹੀਂ ਦਿੱਤੀ ਗਈ ਸ਼ਰ੍ਹਾ, ਦੋਹਾਂ ਪ੍ਰਤੀ ਸਨਮਾਨ ਜ਼ਾਹਰ ਕੀਤਾ। ਇਸਤੀਫ਼ਾਨ ਨੇ ਕਿਹਾ ਕਿ ਖ਼ੁਦਾ ਦੇ ਇਕ ਫ਼ਰਿਸ਼ਤੇ ਨੇ ਪਹਾੜ ਤੇ ਮੂਸਾ ਨਾਲ ਗੱਲ ਕੀਤੀ ਅਤੇ ਯਹੂਦੀਆਂ ਨੂੰ ਦਿੱਤੀ ਗਈ ਸ਼ਰ੍ਹਾ ਨੂੰ ਉਸ ਨੇ ''ਜਿਊਣ ਦੇ ਵਚਨ''[24] ਕਿਹਾ। ਇਸਤੀਫ਼ਾਨ ਨੇ ਮੂਸਾ ਜਾਂ ਸ਼ਰ੍ਹਾ ਬਾਰੇ ਕੁਫ਼ਰ ਬਕਣ ਵਿਚ ਆਪਣੇ ਆਪ ਨੂੰ ਬੇਕਸੂਰ ਸਾਬਤ ਕੀਤਾ।

ਇਸਤੀਫ਼ਾਨ ਦੀਆਂ ਗੱਲਾਂ ਦਾ ਤਾਂ ਇਕ ਹੋਰ ਮਕਸਦ ਸੀ, ਜੋ ਇਸ ਤੋਂ ਵੀ ਵੱਧ ਮਹੱਤਵਪੂਰਣ ਸੀ। ਉਸ ਨੇ ਸਭਾ ਨੂੰ ਯਾਦ ਦੁਆਇਆ ਕਿ ਮੂਸਾ ਨੇ ਕਿਹਾ ਸੀ, ''ਪ੍ਰਮੇਸ਼ਵਰ ਤੁਹਾਡੇ ਭਾਈਆਂ ਵਿੱਚੋਂ ਤੁਹਾਡੇ ਲਈ ਮੇਰੇ ਜਿਹਾ ਇਕ ਨਬੀ ਖੜਾ ਕਰੇਗਾ।'' ਫਿਰ ਉਹਨੇ ਯਾਦ ਦੁਆਇਆ ਕਿ ਮੂਸਾ ਕਿਹਦੇ ਵਰਗਾ ਸੀ ਭਾਵ ਉਹ ਛੁਡਾਉਣ ਵਾਲਾ ਸੀ (ਆਇਤ 35)। ਉਹ ਅਚੰਭੇ ਕੰਮ ਕਰਨ ਵਾਲਾ ਸੀ (ਆਇਤ 36)। ਉਹ ਨਬੀ ਸੀ (ਆਇਤ 37)। ਉਹਦੀ ਇਕ ਕਲੀਸੀਆ ਸੀ (ਆਇਤ 38)। ਉਹਨੇ ਖ਼ੁਦਾ ਦਾ ਪੈਗ਼ਾਮ ਲੋਕਾਂ ਤਕ ਪਹੁੰਚਾਇਆ ਸੀ (ਆਇਤ 38)। ਉਹ ਹਰ ਤਰ੍ਹਾਂ ਨਾਲ ਯਿਸੂ ਨਾਸਰੀ ਵਰਗਾ ਸੀ।

ਤਾਂ ਵੀ, ਇਸਤੀਫ਼ਾਨ ਇਨ੍ਹਾਂ ਵਿਚ ਸਮਾਨਤਾ ਤੇ ਜ਼ੋਰ ਨਹੀਂ ਦੇਣ ਵਾਲਾ ਸੀ। ਉਹਨੇ ਪਹਿਲਾਂ ਆਪਣੇ ਸੁਣਨ ਵਾਲਿਆਂ ਨੂੰ ਯਾਦ ਦੁਆਇਆ ਕਿ ਖ਼ੁਦਾ ਨੇ ਉਨ੍ਹਾਂ ਦੇ ਬਾਪ ਦਾਦਿਆਂ ਨੂੰ ਦੂਜਾ ਮੌਕਾ ਦਿੱਤਾ ਪਰ ਉਨ੍ਹਾਂ ਨੇ *ਫੇਰ* ਖ਼ੁਦਾ ਵੱਲੋਂ ਭੇਜੇ ਛੁਡਾਉਣ ਵਾਲੇ ਨੂੰ ਠੁਕਰਾ ਦਿੱਤਾ:

> ਪਰ ਸਾਡੇ ਪਿਉ ਦਾਦਿਆਂ ਨੇ ਉਹ ਦੇ ਅਧੀਨ ਹੋਣਾ ਨਾ ਚਾਹਿਆ ਸਗੋਂ ਉਹ ਨੂੰ ਧੱਕਾ ਦਿੱਤਾ ਅਤੇ ਉਨ੍ਹਾਂ ਦਾ ਦਿਲ ਮਿਸਰ ਦੀ ਵੱਲ ਫਿਰਿਆ। ਅਤੇ ਉਨ੍ਹਾਂ ਹਾਰੂਨ ਨੂੰ ਆਖਿਆ ਭਈ ਸਾਡੇ ਲਈ ਠਾਕਰ ਬਣਾ ਜਿਹੜੇ ਸਾਡੇ ਅੱਗੇ ਅੱਗੇ ਚੱਲਣ ਕਿਉਂ ਜੋ ਉਹ ਮੂਸਾ ਜਿਹੜਾ ਸਾਨੂੰ ਮਿਸਰ ਦੇਸ ਵਿੱਚੋਂ ਕੱਢ ਲਿਆਇਆ ਸਾਨੂੰ ਪਤਾ ਨਹੀਂ ਭਈ ਉਹ ਨੂੰ ਕੀ ਹੋਇਆ। ਉਹਨੀਂ ਦਿਨੀਂ ਉਨ੍ਹਾਂ ਨੇ ਇਕ ਵੱਛਾ ਬਣਾਇਆ[25] ਅਤੇ ਉਸ ਮੂਰਤ ਨੂੰ ਬਲੀਦਾਨ ਚੜ੍ਹਾਇਆ ਅਤੇ ਆਪਣੇ ਹੱਥਾਂ ਦੇ ਕੰਮ ਉੱਤੇ ਖੁਸ਼ੀ ਮਨਾਈ (7:39-41)।

ਜੀਵਨ ਦੇ ਵਚਨਾ ਦੀ ਥਾਂ ਉਨ੍ਹਾਂ ਨੇ ਬੇਜਾਨ ਮੂਰਤੀਆਂ ਨੂੰ ਕਬੂਲ ਕਰ ਲਿਆ। ਜਦ ਉਨ੍ਹਾਂ ਨੇ ਖ਼ੁਦਾ ਦੇ ਭੇਜੇ ਛੁਡਾਉਣ ਵਾਲੇ ਨੂੰ ਦੂਜੀ ਵਾਰ ਠੁਕਰਾਇਆ ਤਾਂ ਖ਼ੁਦਾ ਦਾ ਗੁੱਸਾ ਉਨ੍ਹਾਂ ਉੱਤੇ ਭੜਕ ਉੱਠਿਆ। ਉਜਾੜ ਵਿਚ ਇਸਰਾਏਲੀਆਂ ਵੱਲੋਂ ਖ਼ੁਦਾ ਨੂੰ ਠੁਕਰਾਉਣਾ ਉਨ੍ਹਾਂ ਦੇ ਬਾਰ ਬਾਰ ਠੁਕਰਾਉਣ ਦਾ ਸੰਕੇਤ ਸੀ, ਇਸ ਲਈ ਇਸਤੀਫ਼ਾਨ ਨੇ ਇਹ ਵਿਖਾਉਣ ਲਈ ਕਿ ਖ਼ੁਦਾ ਆਪਣੇ ਠੁਕਰਾਏ ਜਾਣ ਨੂੰ ਬਰਦਾਸ਼ਤ ਨਹੀਂ ਕਰਦਾ, ਆਮੋਸ ਨਬੀ ਦੇ ਸ਼ਬਦ ਦੁਹਰਾਉਂਦਿਆਂ ਇਤਿਹਾਸ ਨੂੰ ਸੰਖੇਪ ਵਿਚ ਦੱਸ ਦਿੱਤਾ:

> ਪਰ ਪ੍ਰਮੇਸ਼ਵਰ ਉਨ੍ਹਾਂ ਤੋਂ ਫਿਰ ਗਿਆ ਅਤੇ ਉਨ੍ਹਾਂ ਨੂੰ ਛੱਡ ਦਿੱਤਾ[26] ਕਿ ਅਕਾਸ਼ ਦੀ ਸੈਨਾ ਨੂੰ ਪੂਜਣ[27] ਜਿਵੇਂ ਨਬੀਆਂ ਦੀ ਪੋਥੀ ਵਿਚ ਲਿਖਿਆ ਹੋਇਆ ਹੈ, [28] ਹੇ ਇਸਰਾਏਲ ਦੇ ਘਰਾਣੇ, ਕੀ ਤੁਸਾਂ ਮੈਨੂੰ ਉਜਾੜ ਵਿਚ ਚਾਲੀ ਵਰ੍ਹੇ ਪਸੂ ਭੇਂਟ ਅਤੇ ਬਲੀਦਾਨ ਚੜ੍ਹਾਏ[29]? ਅਰ ਤੁਸੀਂ ਮੋਲੋਖ ਦੇ ਤੰਬੂ,[30] ਅਤੇ ਰਿਫ਼ਾਨ ਦਿਓਤੇ[31] ਦੇ ਤਾਰੇ ਨੂੰ, ਅਰਥਾਤ ਉਨ੍ਹਾਂ ਮੂਰਤਾਂ ਨੂੰ ਚੁੱਕੀ ਫਿਰਦੇ ਸਾਓ ਜਿਹੜੀਆਂ ਤੁਸਾਂ ਪੂਜਣ ਲਈ ਬਣਾਈਆਂ, ਅਤੇ ਮੈਂ ਤੁਹਾਨੂੰ ਕੱਢ ਕੇ ਬਾਬੁਲ ਤੋਂ ਪਰ੍ਹੇ ਲਿਜਾ ਕੇ ਵਸਾਵਾਂਗਾ[32] (7:42, 43)।

ਖ਼ੁਦਾ ਨੇ ਇਸਰਾਏਲੀਆਂ ਨੂੰ (ਮਿਸਰ ਦੀ) ਗੁਲਾਮੀ ਤੋਂ ਛੁਡਾਇਆ, ਪਰ ਉਹ ਉਸ ਦੇ ਠਹਿਰਾਏ ਹੋਏ ਛੁਡਾਉਣ ਵਾਲਿਆਂ ਨੂੰ ਲਗਾਤਾਰ ਠੁਕਰਾਉਂਦੇ ਰਹੇ (ਉਜਾੜ ਵਿਚ ਅਤੇ ਕਨਾਨ ਦੇਸ਼ ਵਿਚ), ਖ਼ੁਦਾ ਨੇ ਉਨ੍ਹਾਂ ਨੂੰ ਵਾਪਸ (ਬਾਬੁਲ) ਦੀ ਗੁਲਾਮੀ ਵਿਚ ਭੇਜ ਦਿੱਤਾ!

## ਪਵਿੱਤਰ ਅਹਾਤਾ (7:44-50)

ਮੋਲੋਖ ਦੇ ਤੰਬੂ ਦੀ ਗੱਲ ਨੇ ਇਸਤੀਫ਼ਾਨ ਦੇ ਉਪਦੇਸ਼ ਦੇ ਤੀਜੇ ਭਾਗ ਦੀ ਲੜੀ ਦਾ ਕੰਮ ਕੀਤਾ, ਜਿਸ ਵਿਚ ਉਹਨੇ ਪਹਿਲਾਂ ਖ਼ੁਦਾ ਦੇ ਤੰਬੂ ਅਤੇ ਫਿਰ ਹੈਕਲ ਦੀ ਗੱਲ ਕੀਤੀ। ਇਸ ਤੀਜੇ ਭਾਗ ਵਿਚ, ਇਸਤੀਫ਼ਾਨ ਉਸ ਇਲਜ਼ਾਮ ਦਾ ਜਵਾਬ ਦੇ ਰਿਹਾ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਉਹ ਹੈਕਲ ਦੇ ਖਿਲਾਫ਼ ਬੋਲਿਆ ਹੈ (6:13, 14)। ਪਰ, ਉਹਨੇ ਦੂਜੇ ਇਲਜ਼ਾਮਾਂ ਦੀ ਸਫ਼ਾਈ ਫ਼ਰਕ ਢੰਗ ਨਾਲ ਦਿੱਤੀ। ਖ਼ੁਦਾ, ਮੂਸਾ ਅਤੇ ਸ਼ਰ੍ਹਾ ਦੇ ਖ਼ਿਲਾਫ਼ ਲਾਏ ਗਏ ਇਲਜ਼ਾਮਾਂ ਬਾਰੇ ਉਹਨੇ ਇਨ੍ਹਾਂ ਤਿੰਨਾਂ ਪ੍ਰਤੀ ਬੜੀ ਸ਼ਰਧਾ ਵਿਖਾਈ। ਹੈਕਲ ਦੇ ਖ਼ਿਲਾਫ਼ ਲਾਏ ਗਏ ਇਲਜ਼ਾਮ ਲਈ ਉਸ ਨੇ ਫ਼ਰਕ ਕੀਤਾ ਕਿ ਉਸ ਨੇ ਅਜਿਹਾ ਕੀਤਾ ਜਾਂ ਨਹੀਂ ਕਿਉਂਕਿ ਤੁਲਨਾਤਮਕ ਤੌਰ ਤੇ ਹੈਕਲ ਦੀ ਅਹਿਮੀਅਤ ਓਨੀ ਨਹੀਂ ਸੀ:

> ਸਾਖੀ ਦਾ ਤੰਬੂ[33] ਉਜਾੜ ਵਿਚ ਸਾਡੇ ਪਿਉ ਦਾਦਿਆਂ ਦੇ ਕੋਲ ਸੀ ਜਿਵੇਂ ਓਸੇ ਨੇ ਆਗਿਆ ਦਿੱਤੀ ਜਿਨ ਮੂਸਾ ਨੂੰ ਆਖਿਆ ਸੀ ਭਈ ਉਹ ਨੂੰ ਉਸ ਖਾਕੇ ਉੱਤੇ ਬਣਾ

> ਜੋ ਤੈਂ ਵੇਖਿਆ ਹੈ (ਕੂਚ 25:40; ਇਬਰਾਨੀਆਂ 8:5)। ਅਤੇ ਉਸ ਨੂੰ ਸਾਡੇ ਪਿਉ ਦਾਦੇ ਅਗਲਿਆਂ ਤੋਂ ਪਾ ਕੇ ਯਹੋਸ਼ੁਆ ਦੇ ਨਾਲ ਤਦ ਐਥੇ ਲਿਆਏ ਜਦ ਉਨ੍ਹਾਂ ਕੌਮਾਂ ਦੀ ਮਿਲਖ ਪਾਈ ਜਿਹਨਾਂ ਨੂੰ ਪ੍ਰਮੇਸ਼ਵਰ ਨੇ ਸਾਡੇ ਪਿਉ ਦਾਦਿਆਂ ਦੇ ਅੱਗਿਓਂ ਕੱਢ ਦਿੱਤਾ ਅਤੇ ਉਹ ਦਾਊਦ ਦੇ ਦਿਨਾਂ ਤੀਕ ਰਿਹਾ (7:44, 45)।

ਇਸਤੀਫ਼ਾਨ ਨੇ ਆਪਣੇ ਸੁਣਨ ਵਾਲਿਆਂ ਨੂੰ ਯਾਦ ਦੁਆਇਆ ਕਿ ਉਨ੍ਹਾਂ ਦੇ ਪਿਓ ਦਾਦੇ ਯਰੂਸ਼ਲਮ ਵਿਚ ਹੈਕਲ ਬਣਨ ਤੋਂ ਬਹੁਤ ਪਹਿਲਾਂ ਤੋਂ ਹੀ ਖ਼ੁਦਾ ਦੀ ਬੰਦਗੀ ਕਰਦੇ ਸਨ। ਖ਼ੁਦਾ ਨੇ ਮੂਸਾ ਨੂੰ ਹੈਕਲ ਬਣਾਉਣ ਦਾ ਨਹੀਂ ਸਗੋਂ ਤੰਬੂ ਬਣਾਉਣ ਦਾ ਹੁਕਮ ਦਿੱਤਾ ਸੀ। ਉਨ੍ਹਾਂ ਦੇ ਪਿਓ ਦਾਦੇ ਉਜਾੜ ਅਤੇ ਕਨਾਨ ਵਿਚ *ਚਾਰ ਸੌ ਸਾਲ* ''ਦਾਊਦ ਦੇ ਦਿਨਾਂ ਤੀਕ'' ਤੰਬੂ ਵਿਚ ਹੀ ਬੰਦਗੀ ਕਰਦੇ ਸਨ।

ਨੇਮ ਦੇ ਸੰਦੂਕ ਵਾਸਤੇ ਪੱਕੇ ਨਿਵਾਸ ਲਈ ਭਵਨ ਦਾ ਵਿਚਾਰ ਦਾਊਦ ਨੇ ਹੀ ਦਿੱਤਾ ਸੀ: ''ਦਾਊਦ ਨੇ ਪ੍ਰਮੇਸ਼ਵਰ ਦੇ ਹਜ਼ੂਰੋਂ ਕਿਰਪਾ ਪਾ ਕੇ[1 ਸਮੂਏਲ 13:14; ਜ਼ਬੂਰ 89:20-37] ਚਾਹਿਆ ਜੋ ਯਾਕੂਬ ਦੇ ਪ੍ਰਮੇਸ਼ਵਰ ਦੇ ਲਈ ਇਕ ਅਸਥਾਨ ਬਣਾਏ'' (7:46)। ਦਾਊਦ ਦੇ ਇਸ ਵਿਚਾਰ ਨੂੰ ਮੰਜ਼ੂਰੀ ਮਿਲ ਗਈ ਪਰ ਉਸ ਨੂੰ ਹੈਕਲ ਬਣਾਉਣ ਦੀ ਇਜਾਜ਼ਤ ਨਹੀਂ ਮਿਲੀ ਸੀ (2 ਸਮੂਏਲ 7:2-13): ''ਪਰ ਸੁਲੇਮਾਨ ਨੇ ਉਹ ਦੇ ਲਈ ਇਕ ਭਵਨ ਬਣਾਇਆ'' (7:47; ਤੁਲਨਾ 2 ਸਮੂਏਲ 7:2-13)। ਭਾਵ ਇਹ ਕਿ ਜੇ ਹੈਕਲ ਸੱਚਸੁੱਚ ਜ਼ਰੂਰੀ ਹੁੰਦੀ ਤਾਂ ਦਾਊਦ ਦੇ ਪੇਸ਼ਕਸ਼ ਰੱਖਦਿਆਂ ਹੀ ਇਹ ਬਣ ਗਈ ਹੁੰਦੀ, ਪਰ ਹੈਕਲ ਤਾਂ ਸਦੀਆਂ ਬਾਅਦ ਬਣੀ ਸੀ।

ਇਸਤੀਫ਼ਾਨ ਦੀਆਂ ਇਹ ਗੱਲਾਂ ਉਨ੍ਹਾਂ ਨੂੰ ਬੜੀਆਂ ਸ਼ਰਮਸਾਰ ਕਰਨ ਵਾਲੀਆਂ ਲੱਗੀਆਂ (ਸ਼ਾਇਦ ਉਹਨੇ ਪ੍ਰਚਾਰ ਕਰਦਿਆਂ ਪਹਿਲਾਂ ਵੀ ਇਹ ਗੱਲ ਕਹੀ ਸੀ, ਜਿਸ ਨਾਲ ਇਹ ਸਮਝਿਆ ਗਿਆ ਹੋਵੇਗਾ ਕਿ ਅਜਿਹਾ ਉਹਨੇ ਹੈਕਲ ਦੇ ਵਿਰੋਧ ਵਿਚ ਕਿਹਾ): ''ਪਰ ਅੱਤ ਮਹਾਨ ਹੱਥਾਂ ਦੀਆਂ ਬਣੀਆਂ ਹੋਈਆਂ ਹੈਕਲਾਂ ਵਿਚ ਨਹੀਂ ਵੱਸਦਾ'' (7:48)।[34] ਅਜਿਹੀ ਗੱਲ ਉਹਦੇ ਸੁਣਨ ਵਾਲਿਆਂ ਨੂੰ ਚਿੜ ਦੁਆਉਣ ਵਾਲੀ ਸੀ, ਪਰ ਕੀ ਇਹ ਖ਼ੁਦਾ ਦੇ ਖ਼ਿਲਾਫ਼ ਕੁਫ਼ਰ ਸੀ? ਸੁਲੇਮਾਨ ਨੇ ਹੈਕਲ ਨੂੰ ਅਰਪਣ ਕਰਦਿਆਂ ਖ਼ੁਦਾ ਅੱਗੇ ਦੁਆ ਕੀਤੀ ਸੀ, ''ਵੇਖ, ਸਵਰਗ ਸਗੋਂ ਸਵਰਗਾਂ ਦੇ ਸਵਰਗ ਤੈਨੂੰ ਨਹੀਂ ਸੰਭਾਲ ਸਕੇ, ਫਿਰ ਕਿਵੇਂ ਇਹ ਭਵਨ ਜੋ ਮੈਂ ਬਣਾਇਆ'' (1 ਰਾਜਿਆਂ 8:27; ਤੁਲਨਾ 2 ਇਤਿਹਾਸ 6:18)। ਇਸਤੀਫ਼ਾਨ ਨੇ ਸਭਾ ਨੂੰ ਯਾਦ ਦੁਆਇਆ ਕਿ ਯਸਾਯਾਹ ਨਬੀ ਨੇ ਇਸੇ ਯਥਾਰਥ ਤੇ ਜ਼ੋਰ ਦਿੱਤਾ ਸੀ:

> ... ''ਜਿਵੇਂ ਨਬੀ ਕਹਿੰਦਾ ਹੈ। ਅਕਾਸ਼ ਮੇਰਾ ਸਿੰਘਾਸਣ, ਅਤੇ ਧਰਤੀ ਮੇਰੇ ਪੈਰ ਰੱਖਣ ਦੀ ਚੌਂਕੀ ਹੈ। ਤੁਸੀਂ ਮੇਰੇ ਲਈ ਕਿਹੋ ਜਿਹਾ ਭਵਨ ਬਣਾਓਗੇ ਪ੍ਰਭੂ ਆਖਦਾ ਹੈ, ਯਾ ਕਿਹੜਾ ਥਾਂ ਮੇਰੇ ਅਰਾਮ ਦਾ ਹੈ? ਕੀ ਮੇਰੇ ਹੱਥਾਂ ਨੇ ਇਹ ਸਭ ਵਸਤਾਂ ਨਹੀਂ ਬਣਾਈਆਂ?'' (7:48-50; ਯਸਾਯਾਹ 66:1, 2)।

ਯਸਾਯਾਹ ਨੇ ਕਿਹਾ ਸੀ ਕਿ ਸਾਰੀ ਸ੍ਰਿਸ਼ਟੀ ਖ਼ੁਦਾ ਦੀ ਹੈਕਲ ਹੈ! ਫਿਰ, ਇਸ ਵਿਚ ਸਭਾ ਦੇ ਪਰੇਸ਼ਾਨ ਹੋਣ ਵਾਲੀ ਕਿਹੜੀ ਗੱਲ ਸੀ, ਜਦ ਕਿਸੇ ਦੇ ਕਹਿਣ ਤੋਂ ਇਹ ਭਾਵ ਹੋਵੇ ਕਿ ਤੁਲਨਾਤਮਕ ਰੂਪ ਵਿਚ ਮਨੁੱਖ ਦੀ ਬਣਾਈ ਇਮਾਰਤ ਦੀ ਅਹਿਮੀਅਤ ਘੱਟ ਹੈ?

ਲੋਕਾਂ ਨੂੰ ਸਿਖਾਉਣ ਲਈ ਕਿ ਖ਼ੁਦਾ ਆਪਣੇ ਲੋਕਾਂ ਵਿਚ ਵਾਸ ਕਰਦਾ ਹੈ, ਇਹ ਬਹੁਤ ਹੀ ਢੁਕਵਾਂ ਸਮਾਂ ਸੀ।[35] ਯਸਾਯਾਹ ਨੇ ਇਹ ਵੀ ਟਿੱਪਣੀ ਕੀਤੀ ਸੀ ਕਿ ਖ਼ੁਦਾ ਨੇ ਕਿਹਾ, ''... ਮੈਂ

ਉੱਚੇ ਅਤੇ ਪਵਿੱਤਰ ਸਥਾਨ ਵਿਚ ਵੱਸਦਾ ਹਾਂ, ਭਈ ਮੈਂ ਅੱਝਿਆਂ ਦੇ ਆਤਮਾ ਨੂੰ ਜਿਵਾਵਾਂ, ਕੁਚਲਿਆਂ ਹੋਇਆਂ ਦੇ ਦਿਲ ਨੂੰ ਜਿਵਾਵਾਂ'' (ਯਸਾਯਾਹ 57:15)।[36] ਪਰ ਇਸਤੀਫ਼ਾਨ ਕੋਲ ਆਪਣੇ ਉਪਦੇਸ਼ ਦੀ ਡੋਰ ਦੀ ਗੁੰਝਿਲ ਕੱਢਣ ਦਾ ਮੌਕਾ ਨਹੀਂ ਸੀ।[37]

## ਤ੍ਰਾਹ ਕੱਢਣ ਵਾਲਾ ਨਿਚੋੜ (7:50-53)

ਆਇਤ 50 ਵਿਚ ਇਸਤੀਫ਼ਾਨ ਦੀ ਪੇਸ਼ਕਸ਼ ਦੀ ਦਿਸ਼ਾ ਇਕ ਦਮ ਹੋਰ ਸਖ਼ਤ ਹੋ ਗਈ। ਭਲਾ ਉਹ ਆਪਣੇ ਸੁਣਨ ਵਾਲਿਆਂ ਦੇ ਚਿਹਰਿਆਂ ਤੇ ਨਫ਼ਰਤ ਨੂੰ ਪੜ੍ਹ ਨਹੀਂ ਸਕਦਾ ਸੀ? ਭਲਾ ਉਹਨੂੰ ਇਸ ਦਾ ਇਲਮ ਹੋ ਗਿਆ ਸੀ ਕਿ ਜੋ ਕੁਝ ਉਹ ਕਹਿਣਾ ਚਾਹੁੰਦਾ ਹੈ ਉਹ ਕਹਿਣ ਲਈ ਉਹਨੂੰ ਵਕਤ ਨਹੀਂ ਮਿਲੇਗਾ? ਭਲਾ ''ਨਬੀ'' (ਆਇਤ 48) ਦਾ ਹਵਾਲਾ ਸਿਰਫ਼ ਇਸਤੀਫ਼ਾਨ ਨੂੰ ਯਾਦ ਦੁਆਉਣ ਲਈ ਸੀ ਕਿ ਉਨ੍ਹਾਂ ਨੇ ਨਬੀਆਂ ਨਾਲ ਕਿਹੋ ਜਿਹਾ ਸਲੂਕ ਕੀਤਾ ਸੀ (ਆਇਤ 52)? ਕਾਰਣ ਜੋ ਵੀ ਹੋਵੇ, ਇਸਤੀਫ਼ਾਨ ਰੱਖਿਆਤਮਕ ਨਾ ਹੋ ਕੇ ਆਪਣੇ ਉੱਤੇ ਇਲਜ਼ਾਮ ਲਾਉਣ ਵਾਲਿਆਂ ਤੇ ਪਲਟ ਵਾਰ ਕਰਦਿਆਂ, ਫ਼ੁਰਤੀ ਨਾਲ ਹਮਲਾਵਰ ਹੋ ਗਿਆ:

> ਹੇ ਹਠੀ ਅਤੇ ਮਨ ਅਰ ਕੰਨ ਦੇ ਬੇ ਸੁੰਨਤੇ ਲੋਕੋ,[38] ਤੁਸੀਂ ਸਦਾ ਪਵਿੱਤਰ ਆਤਮਾ ਦਾ ਸਾਹਮਣਾ ਕਰਦੇ ਹੋ![39] ਜਿਵੇਂ ਤੁਹਾਡੇ ਪਿਉ ਦਾਦਿਆਂ ਨੇ ਕੀਤਾ ਤਿਹਾ ਤੁਸੀਂ ਵੀ ਕਰਦੇ ਹੋ। ਨਬੀਆਂ ਵਿੱਚੋਂ ਕਿਹ ਨੂੰ ਤੁਹਾਡੇ ਪਿਉ ਦਾਦਿਆਂ ਨੇ ਨਹੀਂ ਸਤਾਇਆ? (ਵੇਖੋ ਇਬਰਾਨੀਆਂ 11:32-38)। ਸਗੋਂ ਉਨ੍ਹਾਂ ਨੇ ਉਸ ਧਰਮੀ (ਵੇਖੋ ਰਸੂਲਾਂ ਦੇ ਕੰਮ 3:14) ਦੇ ਆਉਣ ਦੀ ਖ਼ਬਰ ਦੇਣ ਵਾਲਿਆਂ ਨੂੰ ਵੱਢ ਸੁੱਟਿਆ ਜਿਹ ਦੇ ਹੁਣ ਤੁਸੀਂ ਫੜਵਾਉਣ ਵਾਲੇ ਅਤੇ ਖੂਨੀ ਹੋਏ। ਤੁਸਾਂ ਸ਼ਰ੍ਹਾ ਨੂੰ ਜਿਹੜੀ ਦੂਤਾਂ ਦੇ ਰਾਹੀਂ ਠਹਿਰਾਈ ਗਈ ਸੀ ਪਾਇਆ ਪਰ ਉਹਦੀ ਪਾਲਣਾ ਨਾ ਕੀਤੀ (7:51-53)।

ਉਨ੍ਹਾਂ ਨੇ ਇਸਤੀਫ਼ਾਨ ਉੱਤੇ ਖ਼ੁਦਾ ਦੀ ਇੱਜ਼ਤ ਨਾ ਕਰਨ ਦਾ ਇਲਜ਼ਾਮ ਲਾਇਆ ਸੀ, ਪਰ ਜਿਨ੍ਹਾਂ ਉੱਤੇ ਖ਼ੁਦਾ ਨੇ ਪਵਿੱਤਰ ਆਤਮਾ ਭੇਜਿਆ ਸੀ, ਉਨ੍ਹਾਂ ਦੀ ਨਾ ਸੁਣ ਕੇ, ਉਹ ਆਪ ਹੀ ਖ਼ੁਦਾ ਦੇ ਪਵਿੱਤਰ ਆਤਮਾ ਦਾ ਸਾਹਮਣਾ ਕਰਨ ਵਾਲੇ ਸਨ! ਉਨ੍ਹਾਂ ਨੇ ਇਸਤੀਫ਼ਾਨ ਉੱਤੇ ਮੂਸਾ ਅਤੇ ਸ਼ਰ੍ਹਾ ਦੀ ਇੱਜ਼ਤ ਨਾ ਕਰਨ ਦਾ ਇਲਜ਼ਾਮ ਲਾਇਆ ਸੀ, ਪਰ ਖ਼ੁਦ ਉਹ ਮੂਸਾ ਦੀ ਸ਼ਰ੍ਹਾ ਦਾ ਪਾਲਣ ਨਹੀਂ ਕਰਦੇ ਸਨ! ਉਨ੍ਹਾਂ ਦੇ ਕੰਨ ਅਤੇ ਮਨ ਸੱਚਾਈ ਨੂੰ ਸੁਣਨ ਤੋਂ ਇਨਕਾਰ ਕਰਦੇ ਸਨ ਅਤੇ ਉਨ੍ਹਾਂ ਦੀਆਂ ਧੌਣਾਂ ਸੱਚਾਈ ਅੱਗੇ ਝੁਕਣ ਤੋਂ ਇਨਕਾਰ ਕਰਦੀਆਂ ਸਨ!

ਉਹ ਆਪਣੇ ਪਿਓ ਦਾਦਿਆਂ ਵਰਗੇ ਹੀ ਸਨ! ਉਨ੍ਹਾਂ ਦੇ ਪਿਓ ਦਾਦਿਆਂ ਨੇ ਯੂਸਫ਼ ਨੂੰ ਠੁਕਰਾਇਆ ਸੀ। ਬਾਅਦ ਵਿਚ, ਉਨ੍ਹਾਂ ਨੇ ਦੋ ਵਾਰ ਮੂਸਾ ਨੂੰ ਠੁਕਰਾਇਆ। ਅਖ਼ੀਰ ਵਿਚ, ਉਨ੍ਹਾਂ ਨੇ ਨਬੀਆਂ ਨੂੰ ਠੁਕਰਾਇਆ ਹੀ ਨਹੀਂ ਸਗੋਂ ਉਨ੍ਹਾਂ ਦਾ ਕਤਲ ਵੀ ਕਰ ਦਿੱਤਾ ਸੀ! ਓਸੇ ਤਰ੍ਹਾਂ, ਸਭਾ ਨੇ ਉਸ ਧਰਮੀ, ਅਰਥਾਤ ਯਿਸੂ ਨੂੰ ਵੀ ਠੁਕਰਾ ਦਿੱਤਾ, ਜਦ ਉਹ ਆਇਆ ਤਾਂ ਉਨ੍ਹਾਂ ਨੇ ਉਸ ਨੂੰ ਮਾਰ ਦਿੱਤਾ!

ਟੀਕਾਕਾਰ ਕਈ ਵਾਰ ਇਸਤੀਫ਼ਾਨ ਨੂੰ ਅਚਾਨਕ ਹਮਲਾਵਰ ਹੁੰਦਿਆਂ, ਉਹਦੀਆਂ ਅੱਖਾਂ ਵਿਚ ਚਮਕ ਅਤੇ ਉਹਨੂੰ ਉਂਗਲੀ ਚੁਭਾਉਂਦੇ ਵਿਖਾਉਂਦੇ ਹਨ ਜਿਵੇਂ ਉਹ ਸਭਾ ਨੂੰ ਉਸ ਨੂੰ ਮੌਤ ਦੀ ਸਜ਼ਾ ਦੇਣ ਲਈ ਮਜਬੂਰ ਕਰ ਰਿਹਾ ਹੋਵੇ। ਇਕ ਅਜਿਹੇ ਆਦਮੀ ਲਈ ਜੋ ''ਕਿਰਪਾ ਨਾਲ ਭਰਪੂਰ'' (6:8) ਸੀ, ਜਿਸ ਨੇ ਸਭਾ ਨੂੰ ਸਨਮਾਨ ਨਾਲ ''ਹੇ ਭਾਈਓ ਅਤੇ ਹੇ ਪਿਤਰੋ'' (7:2) ਕਹਿ ਕੇ ਸੰਬੋਧਿਤ ਕੀਤਾ ਸੀ ਅਤੇ ਜਿਸ ਨੇ ਬਾਅਦ ਵਿਚ ਦੁਆ ਕੀਤੀ ਸੀ ਕਿ ''ਹੇ ਪ੍ਰਭੂ

ਇਹ ਪਾਪ ਉਨ੍ਹਾਂ ਦੇ ਜ਼ੁੰਮੇ ਨਾ ਲਾ'' (7:60) ਇਹ ਗੱਲ ਕਹਿਣਾ ਸ਼ੋਭਾ ਨਹੀਂ ਦਿੰਦਾ। ਮੇਰਾ ਸੁਝਾਅ ਹੈ ਕਿ 50 ਤੋਂ 53 ਆਇਤਾਂ ਵਿਚ ਇਸਤੀਫ਼ਾਨ ਦਾ ਮਕਸਦ ਸਭਾ ਵਿਚ ਆਪਣਾ ਗੁੱਸਾ ਵਿਖਾਉਣਾ ਨਹੀਂ ਸੀ, ਸਗੋਂ ਉਨ੍ਹਾਂ ਨੂੰ ਤੌਬਾ ਲਈ ਝੰਜੋੜਨਾ ਸੀ। ਯਾਨੀ ਇਹ ਉਨ੍ਹਾਂ ਦੇ ਮਨਾਂ ਦੀ ਪਥਰੀਲੀ ਜ਼ਮੀਨ ਨੂੰ ਤੋੜਨ ਦੀ ਇਕ ਕੋਸ਼ਿਸ਼ ਸੀ। ਮੈਂ ਕਲਪਨਾ ਕਰਦਾ ਹਾਂ ਕਿ ਇਸਤੀਫ਼ਾਨ ਬਹੁਤ ਹੀ ਹਲੀਮੀ ਨਾਲ ਬੋਲਿਆ ਹੋਵੇਗਾ, ਜਿਵੇਂ ਉਹਦਾ ਮਨ ਬੜਾ ਦੁਖੀ ਹੋਵੇ।

## ਸਾਰ

ਇਸਤੀਫ਼ਾਨ ਨੇ ਇਕ ਬਹੁਤ ਹੀ ਬੇਹਤਰੀਨ ਉਪਦੇਸ਼ ਦਿੱਤਾ। ਉਹਦੇ ਸੁਣਨ ਵਾਲੇ ਉਂਗਲਾਂ ਕੰਨਾਂ 'ਚ ਲੈ ਕੇ ਉਸ ਤੇ ਚੀਕੇ ਅਤੇ ਉਸ ਨੂੰ ਸਭਾ ਦੇ ਅਹਾਤੇ ਵਿਚ ਖਿੱਚ ਲੈ ਗਏ। ਇਸਤੀਫ਼ਾਨ ਨੇ ਮਹਾ ਸਭਾ ਨੂੰ ਖ਼ੁਦਾ ਦੇ ਨੁਮਾਇੰਦਿਆਂ ਨੂੰ ਠੁਕਰਾ ਕੇ ਆਪਣੇ ਪਿਓ ਦਾਦਿਆਂ ਵਾਂਗੂੰ ਨਾ ਬਣਨ ਦੀ ਚੁਣੌਤੀ ਦਿੱਤੀ ਸੀ। ਪਰ ਉਨ੍ਹਾਂ ਨੇ ਉਸ ਨੂੰ ਪੱਥਰ ਮਾਰ ਮਾਰ ਕੇ ਮਾਰ ਸੁੱਟਿਆ, ਯਾਨੀ ਉਨ੍ਹਾਂ ਨੇ ਵੀ ਓਵੇਂ ਹੀ ਕੀਤਾ ਜਿਵੇਂ ਉਨ੍ਹਾਂ ਦੇ ਪਿਓ ਦਾਦੇ ਕਰਦੇ ਸਨ।

ਭਲਾ ਇਸਤੀਫ਼ਾਨ ਦੇ ਉਪਦੇਸ਼ ਵਿਚ ਸਾਡੇ ਲਈ ਕੁਝ ਸਿੱਖਿਆ ਹੈ? ਬਹੁਤ। ਉਦਾਹਰਣ ਲਈ, ਸਾਨੂੰ ਉਸ ਸਭ ਲਈ ਜੋ ਇਤਿਹਾਸ ਵਿਚ ਸਾਡੀ ਮੁਕਤੀ ਲਈ ਉਸ ਨੇ ਕੀਤਾ ਖ਼ੁਦਾ ਦੀ ਤਰੀਫ਼ ਕਰਨੀ ਚਾਹੀਦੀ ਹੈ। ਯਕੀਨਨ ਹੀ ਸਾਡੇ ਲਈ ਸਭ ਤੋਂ ਚੁਣੌਤੀ ਭਰੀ ਸਿੱਖਿਆ ਇਹ ਹੈ ਕਿ ਅੱਜ ਖ਼ੁਦਾ ਦੇ ਛੁਡਾਉਣ ਵਾਲਿਆਂ ਨੂੰ ਠੁਕਰਾਉਣ ਤੋਂ ਬਚਿਆ ਜਾਵੇ। ਅਸੀਂ ਜਾਣਦੇ ਹਾਂ ਕਿ ''ਪ੍ਰਮੇਸ਼ਵਰ ਨੇ ... ਪਿਛਲੇ ਸਮਿਆਂ ਵਿਚ ਨਬੀਆਂ ਦੇ ਰਾਹੀਂ ਸਾਡੇ ਵੱਡਿਆਂ ਨਾਲ ਕਈ ਹਿੱਸਿਆਂ ਵਿਚ ਅਤੇ ਕਈ ਤਰ੍ਹਾਂ ਨਾਲ ਗੱਲ ਕੀਤੀ ਸੀ ... ।'' (ਇਬਰਾਨੀਆਂ 1:1, 2)। ਯਿਸੂ ਨੇ ਕਿਹਾ, ''ਜਿਹੜਾ ਮੈਨੂੰ ਰੱਦ ਕਰਦਾ ਹੈ ਅਤੇ ਮੇਰੀਆਂ ਗੱਲਾਂ ਨਹੀਂ ਕਬੂਲਦਾ, ਉਹ ਨੂੰ ਇਕ ਦੋਸ਼ੀ ਠਹਿਰਾਉਂਦਾ ਹੈ। ਜਿਹੜਾ ਵਚਨ ਮੈਂ ਕਿਹਾ ਉਹੀਓ ਅੰਤ ਦੇ ਦਿਨ ਉਸ ਨੂੰ ਦੋਸ਼ੀ ਠਹਿਰਾਵੇਗਾ'' (ਯੂਹੰਨਾ 12:48)।

ਸਾਡੇ ਵਿੱਚੋਂ ਹਰੇਕ ਨੂੰ ਆਪਣੇ ਆਪ ਤੋਂ ਪੁੱਛਣ ਦੀ ਲੋੜ ਹੈ। ''ਯਿਸੂ ਸਾਹਮਣੇ ਖੜ੍ਹਾ ਹੋਣ ਵੇਲੇ, ਮੈਂ ਉਸ ਨੂੰ ਕਬੂਲ ਕਰਦਾ ਹਾਂ ਜਾਂ ਠੁਕਰਾਉਂਦਾ ਹਾਂ?'' ਦੂਜੇ ਸ਼ਬਦਾਂ ਵਿਚ, ਮੈਂ ਇਸਤੀਫ਼ਾਨ ਵਾਲੀ ਜਗ੍ਹਾ ਤੇ ਹਾਂ ਜਾਂ ਮਹਾਂ ਸਭਾ ਵਾਲੀ ਜਗ੍ਹਾ ਤੇ?

## ਵਿਜ਼ੂਅਲ-ਏਡ ਨੋਟਸ

ਇਸਤੀਫ਼ਾਨ ਦੇ ਉਪਦੇਸ਼ ਵਿਚ ਇਤਿਹਾਸ ਨੂੰ ਵਿਖਾਉਣ ਲਈ ਤੁਸੀਂ ਅਸਾਨ ਰੇਖਾ ਚਿੱਤਰ ਵਿਖਾ ਸਕਦੇ ਹੋ। ਚਿੱਤਰ ਦੇ ਉੱਪਰ ''ਠੁਕਰਾਇਆ ਹੋਇਆ'' ਲਿਖ ਕੇ ਉਸ ਤੋਂ ਖ਼ੁਦਾ ਦੇ ਹਰੇਕ ਛੁਡਾਉਣ ਵਾਲੇ ਦੇ ਚਿੱਤਰ ਵੱਲ ਨੂੰ ਇਕ ਤੀਰ ਖਿੱਚੋ।

ਚਾਹੋ ਤਾਂ ਤੁਸੀਂ ''ਅਬਰਾਹਮ ... 12 ਕੁਲਪਤੀਆਂ'' ਦੇ ਸਾਹਮਣੇ ਪੱਥਰਾਂ ਦੀ ਇਕ ਵੇਦੀ ਦਾ ਰੇਖਾ ਚਿੱਤਰ, ''ਖੜ੍ਹੇ ਮੂਸਾ'' ਦੇ ਕੋਲ ਬਲਦੀ ਝਾੜੀ, ਤੰਬੂ ਦੇ ਕੋਲ ''ਇਸਰਾਏਲੀਆਂ ਦੀ ਅਗਵਾਈ ਕਰਦੇ ਮੂਸਾ'' ਅਤੇ ''ਇਸਰਾਏਲੀਆਂ ਦਾ ਵਾਅਦੇ ਦੀ ਧਰਤੀ ਵਿਚ ਜਾਣਾ'' ਦੇ ਬਾਅਦ ਹੈਕਲ ਨੂੰ ਵੀ ਜੋੜ ਸਕਦੇ ਹੋ। ਤੁਸੀਂ ਇਹਦੀ ਵਰਤੋਂ ਇਹ ਵਿਖਾਉਣ ਲਈ ਵੀ ਕਰ ਸਕਦੇ ਹੋ ਕਿ ਇਸਤੀਫ਼ਾਨ ਨੇ ਜ਼ੋਰ ਦਿੱਤਾ ਕਿ ਲੋਕ ਯਰੂਸ਼ਲਮ ਦੇ ਇਲਾਵਾ ਹੋਰ ਥਾਂਵਾਂ ਤੇ ਅਤੇ ਹੈਕਲ ਦੇ ਬਣਨ ਤੋਂ ਬਹੁਤ ਪਹਿਲਾਂ ਵੀ ਬੰਦਗੀ ਕਰਦੇ ਸਨ।

ਜੇ ਠੀਕ ਸਮਝੋ ਤਾਂ ਇਸਤੀਫ਼ਾਨ ਦੇ ਉਪਦੇਸ਼ ਨੂੰ ਫੇਰ ਤੋਂ ਦੱਸਣ ਲਈ ਤੁਸੀਂ ਪੁਰਾਣੇ ਨੇਮ

## ਠੁਕਰਾਇਆ ਹੋਇਆ




ਮੁਕਤੀ ਵਾਸਤੇ ਖ਼ੁਦਾ ਦਾ ਰਾਹ ਦੱਸਣ ਵਾਲੇ ਆਗੂਆਂ ਨੂੰ ਠੁਕਰਾਉਂਦਾ ਵਿਖਾਉਂਦੀ ਇਸਤੀਫ਼ਾਨ ਦੇ ਉਪਦੇਸ਼ ਦੀ ਕਾਲ ਰੇਖਾ

ਦੇ ਸੰਸਾਰ ਦੇ ਨਕਸ਼ੇ ਦੀ ਵਰਤੋਂ ਕਰ ਸਕਦੇ ਹੋ। ਮੁੱਖ ਪਾਤਰਾਂ ਦੇ ਕੁਝ ਨਾਂਅ ਜੋੜ ਲਓ। ਕਹਾਣੀ ਨੂੰ ਦੁਹਰਾਉਂਦਿਆਂ, ਜਿੱਥੇ ਵੀ ਯਹੂਦੀਆਂ ਨੇ ਖ਼ੁਦਾ ਦੇ ਭੇਜੇ ਛੁਟਕਾਰਾ ਦੇਣ ਵਾਲਿਆਂ ਨੂੰ ਠੁਕਰਾਇਆ, ਨਕਸ਼ੇ ਵਿਚ ਢੁਕਵੀਂ ਥਾਂ ਤੇ ''ਠੁਕਰਾਇਆ ਹੋਇਆ'' ਸ਼ਬਦ ਵੀ ਜੋੜ ਲਓ।

## ਸਰਮਨ ਨੋਟਸ

ਇਹ ਮੰਨਦਿਆਂ ਕਿ ਉਹਦੇ ਸੁਣਨ ਵਾਲੇ ਇਤਿਹਾਸ ਤੋਂ ਵਾਕਫ਼ ਹਨ, ਇਸਤੀਫ਼ਾਨ ਨੇ ਉਨ੍ਹਾਂ ਬਾਰੇ ਵਿਸਤਾਰ ਵਿਚ ਨਹੀਂ ਦੱਸਿਆ। ਮੈਂ ਵੀ ਆਪਣੇ ਪਾਠ ਵਿਚ ਇੰਜ ਹੀ ਕੀਤਾ ਹੈ। ਜੇ ਤੁਹਾਡੇ ਸੁਣਨ ਵਾਲੇ ਉਨ੍ਹਾਂ ਘਟਨਾਵਾਂ ਤੋਂ ਅਣਜਾਣ ਹਨ, ਤਾਂ ਤੁਸੀਂ ਉਨ੍ਹਾਂ ਨੂੰ ਸੰਖੇਪ ਵਿਚ ਦੱਸ ਸਕਦੇ ਹੋ। ਉਨ੍ਹਾਂ ਨੂੰ ਲੱਭਣ ਵਿਚ ਤੁਹਾਡੀ ਮਦਦ ਲਈ ਮੈਂ ਪੁਰਾਣੇ ਨੇਮ ਦੇ ਕੁਝ ਹਵਾਲੇ ਦੇ ਦਿੱਤੇ ਹਨ।

ਇਬਰਾਨੀਆਂ 11:23-29 ਦੇ ਨਾਲ ਰਸੂਲਾਂ ਦੇ ਕੰਮ 7:17-44, ਮੂਸਾ ਤੇ ਵਧੀਆ ਵਾਧੂ ਪਾਤਰ ਅਧਿਐਨ ਦਾ ਅਧਾਰ ਮੁਹੱਈਆ ਕਰਾਉਂਦਾ ਹੈ।

ਰਸੂਲਾਂ ਦੇ ਕੰਮ 7:26 ਦੀ ਵਰਤੋਂ ਕਰਦੇ ਹੋਏ ਜ਼ਰੂਰੀ ਉਪਦੇਸ਼ ਦਿੱਤਾ ਜਾ ਸਕਦਾ ਹੈ: ''ਹੇ ਪੁਰਖੋ ਤੁਸੀਂ ਤਾਂ ਭਾਈ ਭਾਈ ਹੋ। ਕਿਉਂ ਇਕ ਦੂਜੇ ਤੇ ਵਾਧਾ ਕਰਦੇ ਹੋ?'' (ਤੁਹਾਨੂੰ ਚਾਹੀਦਾ ਹੈ ਕਿ ਇਸ ਨੂੰ ਉਤਪਤ 13:8 ਵਿਚ ਲੂਤ ਨੂੰ ਕਹੇ ਅਬਰਾਹਾਮ ਦੇ ਸ਼ਬਦਾਂ ਨਾਲ ਮਿਲਾਓ: ''ਮੇਰੇ ਅਰ ਤੇਰੇ ... ਵਿਚ ਝਗੜਾ ਨਹੀਂ ਹੋਣਾ ਚਾਹੀਦਾ ਕਿਉਂ ਜੋ ਅਸੀਂ ਭਰਾ ਹਾਂ''))।

---

ਟਿੱਪਣੀਆਂ

[1] *ਸਿਰਫ਼* ਇਹੀ ਇੰਜੀਲੀ ਉਪਦੇਸ਼ ਹੈ ਜੋ ਕਿਸੇ ਗੈਰ ਰਸੂਲ ਦੁਆਰਾ (ਦੂਜੇ ਸ਼ਬਦਾਂ ਵਿਚ, ਕਿਸੇ ਰਸੂਲ ਨਾਲ ਸਬੰਧਤ ਨਹੀਂ) ਦਿੱਤਾ ਗਿਆ ਹੈ। [2]ਇਹ ਲੰਮਾ ਸ਼ਾਇਦ ਇਸ ਲਈ ਹੈ ਕਿਉਂਕਿ ਆਪਣੇ ਚੁਣੇ ਹੋਏ ਲੋਕਾਂ ਤਕ ਪਹੁੰਚਣ ਲਈ ਇਹ ਖ਼ੁਦਾ ਦੀਆਂ ਕੋਸ਼ਸ਼ਾਂ ਦਾ ਓੜਕ ਹੈ। [3]ਜਿੰਮੀ ਐਲਨ ਅਜਿਹਾ ਮੰਨਦਾ ਹੈ ਕਿ ਉਪਦੇਸ਼ ਨੂੰ ਇਸਤੀਫ਼ਾਨ ਦੁਆਰਾ ਪੂਰਾ ਕਰਨ ਤੋਂ ਪਹਿਲਾਂ ਹੀ ਡੱਕ ਦਿੱਤਾ ਗਿਆ (*ਸਰਵੇ ਆਫ਼ ਐਕਟਸ* [ਸਰਸੀ, ਆਰਕੈਂਸਾ: ਲੇਖਕ ਵੱਲੋਂ, 1986], 73), ਅਤੇ ਮੈਂ ਉਹਦੇ ਨਾਲ ਸਹਿਮਤ ਹਾਂ। ਉਦਾਹਰਣ ਲਈ, ਜੀ ਉੱਠਣ ਦਾ ਬਿਲਕੁਲ ਵੀ ਜ਼ਿਕਰ ਨਹੀਂ ਕੀਤਾ ਗਿਆ ਜੋ ਨਵੇਂ ਨੇਮ ਮੁਤਾਬਕ ਪ੍ਰਚਾਰ ਦਾ ਜ਼ਰੂਰੀ ਹੈ। ਇਹ ਹੋ ਸਕਦਾ ਹੈ ਕਿ ਇਸਤੀਫ਼ਾਨ ਨੇ ਆਪਣੇ ਪਾਠ ਦੇ ਕਈ ਧਾਗਿਆਂ ਦੀਆਂ ਗੁੰਝਲਾਂ ਕੱਢ ਕੇ ਉਨ੍ਹਾਂ ਨੂੰ ਵਰਤਣ ਦੀ ਯੋਜਨਾ ਬਣਾਈ ਹੋਵੇ, ਪਰ ਉਹਦੇ ਇੰਜ ਕਰਨ ਤੋਂ ਪਹਿਲਾਂ ਹੀ ਉਹਨੂੰ ਮਾਰ ਦਿੱਤਾ ਗਿਆ। [4]ਪਿਛਲੇ ਇਕ ਪਾਠ ਵਿਚ ਦਿੱਤੀ ਗੱਲ ਨੂੰ ਯਾਦ ਰੱਖੋ: ''ਤੁਸੀਂ ਆਦਮੀ ਦੀ ਇੱਜ਼ਤ ਨਹੀਂ ਕਰਦੇ, ਤਾਂ ਵੀ ਉਹਦੇ ਅਹੁਦੇ ਦੀ ਇੱਜ਼ਤ ਜਰੂਰ ਕਰੋ।'' [5]ਕਈ ਟੀਕਾਕਾਰ ਇਸਤੀਫ਼ਾਨ ਦੇ ਉਪਦੇਸ਼ ਤੇ ''ਇਸਤੀਫ਼ਾਨ ਜਾਂ ਲੂਕਾ ਵੱਲੋਂ ਕੀਤੀਆਂ ਗਈਆਂ ਸੱਤ ਇਤਿਹਾਸਕ ਗਲਤੀਆਂ'' ਵੱਲ ਧਿਆਨ ਦੁਆਉਂਦੇ ਹੋਏ ਬੇਹੱਦ ਅਲੋਚਕ ਹਨ। ਕਿਉਂਕਿ ਇਹ ਕਥਿਤ ਗਲਤੀਆਂ ਕਿਸੇ ਵੀ ਤਰ੍ਹਾਂ ਇਸਤੀਫ਼ਾਨ ਦੀ ਸਿੱਖਿਆ ਦੇ ਸੱਚ ਨੂੰ ਪ੍ਰਭਾਵਤ ਨਹੀਂ ਕਰਦੀਆਂ ਅਤੇ ''ਸ਼ਰ੍ਹਾ ਦੇ ਆਲਮਾਂ'' (ਗ੍ਰੰਥੀਆਂ) ਨੇ ਇਸਤੀਫ਼ਾਨ ਦੀਆਂ ਗੱਲਾਂ ਤੇ ਇਤਰਾਜ਼ ਨਹੀਂ ਕੀਤਾ, ਇਸ ਕਰਕੇ ਮੈਨੂੰ ਉਹਦੇ ਵਿਚਾਰ ਦੇ ਵਹਾਅ ਨੂੰ ਰੋਕ ਕੇ ਉਹਦੇ ਨਾਲ ਬਹਿਸ ਕਰਨ ਦਾ ਕੋਈ ਕਾਰਣ ਨਹੀਂ ਮਿਲਿਆ। ਮੇਰਾ ਮੰਨਣਾ ਹੈ ਕਿ ਇਸਤੀਫ਼ਾਨ ਦੇ ਉਪਦੇਸ਼ ਦੇਣ ਅਤੇ ਲੂਕਾ ਨੂੰ ਉਹਦੇ ਲਿਖਣ ਵਿਚ ਆਤਮਾ ਦੀ ਪ੍ਰੇਰਣਾ ਸੀ। ਇਸ ਲਈ ਮੇਰਾ ਵਿਸ਼ਵਾਸ ਹੈ ਕਿ ਇਸਤੀਫ਼ਾਨ ਨੇ ਜੋ ਕੁਝ ਵੀ ਕਿਹਾ ਉਸ ਵਿਚ ਕੁਝ ਗਲਤ ਨਹੀਂ ਸੀ ਅਤੇ ਕੋਈ ਵੀ ਉਲਝਣ ਜੇ ਹੈ ਉਹ ਸਾਡੇ ਗਿਆਨ ਜਾਂ ਸਮਝ ਦੀ ਕਮੀ ਕਰਕੇ ਹੈ। ਉਸ ਕਥਿਤ ਗਲਤੀ ਦੇ ਪੈਦਾ ਹੋਣ ਵਾਂਗ, ਮੈਂ ਇਹ ਵਿਖਾਉਣ ਲਈ ਕਿ ਉਲਝਣਾ ਹਕੀਕਤ ਨਾਲੋਂ ਵੱਧ ਕਾਲਪਨਿਕ ਹਨ, ਸੰਖੇਪ ਵਿਚ ਗੱਲ ਕਰਾਂਗਾ। ਪਹਿਲੀ ਗਲਤੀ 2 ਅਤੇ 3 ਆਇਤਾਂ ਵਿਚ ਮਿਲਦੀ ਹੈ। ਅਲੋਚਕ ਕਹਿੰਦੇ ਹਨ ਕਿ ਉਤਪਤ

11:31-12:3 ਵਿਚ ਲਿਖਿਆ ਹੈ ਕਿ ਖ਼ੁਦਾ ਨੇ ਆਇਤ 3 ਵਾਲੇ ਹੁਕਮ ਨਾਲ ਅਬਰਾਹਾਮ ਨੂੰ ਦਰਸ਼ਨ ਦਿੱਤਾ, ਜਦ ਕਿ ਇਸਤੀਫ਼ਾਨ ਨੇ ''(ਅਬਰਾਹਾਮ ਦੇ) ਹਰਾਨ ਵਿਚ ਵੱਸਣ ਤੋਂ ਪਹਿਲਾਂ'' ਦੀ ਗੱਲ ਕੀਤੀ ਸੀ। ਉਤਪਤ 15:7 ਅਤੇ ਨਹਮਿਯਾਹ 9:7 'ਚੋਂ ਇਹ ਸਪਸ਼ਟ ਹੁੰਦਾ ਹੈ ਕਿ ਖ਼ੁਦਾ ਅਬਰਾਹਾਮ ਕੋਲ ਉਦੋਂ ਆਇਆ ਜਦੋਂ ਉਹ ਕਲਦੀਆਂ ਦੇ ਊਰ ਵਿਚ ਸੀ। ਇਸਤੀਫ਼ਾਨ ਨੇ ਵਿਖਾਇਆ ਕਿ ਊਰ ਵਿਚ ਅਬਰਾਹਾਮ ਨੂੰ ਖ਼ੁਦਾ ਦਾ ਉਹੀ ਸੰਦੇਸ਼ ਸੀ ਜਿਹੜਾ ਉਹਨੂੰ ਬਾਅਦ ਵਿਚ ਹਾਰਾਨ ਵਿਚ ਮਿਲਿਆ। (ਇਨ੍ਹਾਂ ਕਥਿਤ ਗਲਤੀਆਂ ਤੇ ਪੂਰਣ ਵਿਚਾਰ ਲਈ, ਵੇਖੋ ਜੇ. ਡਬਲਯੂ. ਮੈਕਗਰਵੇ ਦੀ *ਨਿਊ ਕਮੈਂਟਰੀ ਆਨ ਐਕਟਸ* [ਡਿਲਾਈਟ, ਆਰਕੈਂਸਾ: ਗੌਸਪਲ ਲਾਈਟ ਪਬਲਿਸ਼ਿੰਗ ਕੰ., ਮਿਤੀ ਰਹਿਤ] ਜਾਂ ਐਲਨ ਦੀ *ਸਰਵੇ ਆਫ਼ ਐਕਟਸ*। ) [6]ਖ਼ੁਦਾ ਪਹਿਲੇ ਕਲਦੀਆਂ ਦੇ ਊਰ ਵਿਚ ਅਬਰਾਹਾਮ ਕੋਲ ਆਇਆ। ਇਸ ਕਿਤਾਬ ਵਿਚ ਪੁਰਾਣੇ ਨੇਮ ਦੇ ਸੰਸਾਰ ਵਾਲਾ ਨਕਸ਼ਾ ਵੇਖੋ। ਕਲਦੀ ਦੱਖਣੀ ਬਾਬੁਲ ਦਾ ਇਕ ਜ਼ਿਲਾ ਸੀ। ਅਖ਼ੀਰ ਇਹ ਨਾਂਅ ਇਕ ਇਲਾਕੇ ਦੇ ਰੂਪ ਵਿਚ ਮਸ਼ਹੂਰ ਹੋ ਗਿਆ ਜਿਸ ਵਿਚ ਪੂਰਾ ਬਾਬੁਲ ਆਉਂਦਾ ਸੀ। [7]ਪੁਰਾਣੇ ਨੇਮ ਦੇ ਸੰਸਾਰ ਵਾਲਾ ਨਕਸ਼ਾ ਵੇਖੋ। [8]ਇਸ ਦੇਸ਼ ਨੂੰ ਅਬਰਾਹਾਮ ਦੇ ਵਕਤ ਕਨਾਨ ਕਿਹਾ ਜਾਂਦਾ ਸੀ; ਇਸਤੀਫ਼ਾਨ ਦੇ ਵਕਤ ਇਸ ਨੂੰ ਫ਼ਲਸਤੀਨ ਕਿਹਾ ਜਾਂਦਾ ਸੀ। ਪੁਰਾਣੇ ਨੇਮ ਦੇ ਸੰਸਾਰ ਵਾਲਾ ਨਕਸ਼ਾ ਵੇਖੋ। [9]ਅਬਰਾਹਾਮ ਨੇ ਉੱਥੇ ਕਬਰਸਤਾਨ ਲਈ ਕੁਝ ਜਗ੍ਹਾ ਖ਼ਰੀਦੀ (ਵੇਖੋ 7:16 ਤੇ ਨੋਟਸ), ਪਰ ਇਹ ਉਹਦੀ ਔਲਾਦ ਦੇ *ਰਹਿ* ਸਕਣ ਲਈ ਜਗ੍ਹਾ ਨਹੀਂ ਸੀ, ਇਸ ਨੂੰ ''ਵਿਰਾਸਤ'' ਨਹੀਂ ਕਿਹਾ ਜਾਂਦਾ। [10]ਇਹ ਮਿਸਰ ਦੀ ਗ਼ੁਲਾਮੀ ਹੈ (ਵੇਖੋ ਆਇਤਾਂ 15 ਅਤੇ 17)। ''ਚਾਰ ਸੌ ਸਾਲ'' ਮੋਟਾ ਜਿਹਾ ਅੰਦਾਜ਼ਾ ਹੈ।

[11]ਇਸਤੀਫ਼ਾਨ ਦੇ ਸੰਦੇਸ਼ ਦਾ ਆਰੰਭ ''ਤੇਜ ਰੂਪ ਪ੍ਰਮੇਸ਼ਵਰ'' ਨਾਲ ਹੋਇਆ (7:2) ਅਤੇ ਸਮਾਪਤੀ ''ਪ੍ਰਮੇਸ਼ਵਰ ਦਾ ਤੇਜ'' ਨਾਲ ਹੋਈ (7:55)। ਇਸ ਪੂਰੇ ਸਮੇਂ ਦੌਰਾਨ ਉਹਦੇ ਚਿਹਰੇ ਦਾ ਤੇਜ ਚਮਕਦਾ ਸੀ (6:15)। [12]ਇਬਰਾਨੀ ਬਾਈਬਲ ਵਿਚ ''ਸੱਤਰ'' ਦੀ ਵਰਤੋਂ ਹੋਈ ਹੈ (ਉਤਪਤ 46:27; ਕੂਚ 1:5; ਵਿਵਸਥਾਸਾਰ 10:22), ਪਰ ਪੁਰਾਣੇ ਨੇਮ ਦਾ ਯੂਨਾਨੀ ਅਨੁਵਾਦ (ਜਿਸ ਨੂੰ ਸੈਪਟੂਆਜਿੰਟ ਜਾਂ ਸਪਤਤੀ ਅਨੁਵਾਦ ਕਿਹਾ ਜਾਂਦਾ ਹੈ) ਉਤਪਤ 46:20 ਵਿਚ ਮਨੱਸ਼ਹ ਦੇ ਇਕ ਪੁੱਤਰ, ਇਫ਼ਰਾਈਮ ਦੇ ਦੋ ਅਤੇ ਦੋਹਾਂ ਦੇ ਇਕ ਇਕ ਪੋਤੇ ਨੂੰ ਜੋੜ ਦਿੰਦਾ ਹੈ। ਇਸ ਤਰ੍ਹਾਂ ਇਹ ਗਿਣਤੀ ''ਪੰਝਹੱਤਰ'' ਹੋ ਜਾਂਦੀ ਹੈ। [13]ਜਿਸ ਵਕਤ ਇਸਤੀਫ਼ਾਨ ਨੇ ਗੱਲ ਕੀਤੀ, ਸ਼ਕਮ ਉਸ ਸਮੇਂ ਸਾਮਰੀਆ ਵਿਚ ਸੀ। ਕੁਝ ਲੋਕਾਂ ਦਾ ਖਿਆਲ ਹੈ ਕਿ ਇਸਤੀਫ਼ਾਨ ਇਹ ਪ੍ਰਚਾਰ ਫੈਲਾ ਰਿਹਾ ਸੀ ਕਿ ਸਾਮਰੀਆ ਵੀ ਉਵੇਂ ਹੀ ਪਵਿੱਤਰ ਜਗ੍ਹਾ ਸੀ ਜਿਵੇਂ ਯਹੂਦੀਆ। ਇਸ ਤਰ੍ਹਾਂ ਉਹ ਇੰਜੀਲ ਨੂੰ ਸਾਮਰੀਆ ਵਿਚ ਲਿਜਾਣ ਦੀ ਤਿਆਰੀ ਕਰ ਰਿਹਾ ਸੀ (8:5)। [14]ਆਇਤ 16 ਜ਼ਮੀਨ ਦੀਆਂ ਦੋ ਖ਼ਰੀਦਾਂ ਅਤੇ ਦੋ ਕਬਰਸਤਾਨਾਂ ਨੂੰ ਸੰਖੇਪ ਕਰ ਦਿੰਦੀ ਹੈ (ਉਤਪਤ 23:17, 18; 25:9-11; 33:19; 35:29; 50:19; ਯਹੋਸੁਆ 24:32)। ''ਇਸਤੀਫ਼ਾਨ ਦਾ ਸਾਹਿਤਕ ਤਰੀਕਾ (ਜਿਸ ਨਾਲ ਉਹ ਯਾਦ ਕਰਾਉਂਦਾ ਹੈ ਕਿ ਯਾਕੂਬ ਅਤੇ 12 ਕੁਲਪਤੀ ਮਿਸਰ ਵਿਚ ਨਹੀਂ ਸਗੋਂ ਕਨਾਨ ਵਿਚ ਦਫ਼ਨਾਏ ਗਏ ਸਨ) ਅੱਜ ਦੇ ਸਰੋਤਿਆਂ ਲਈ ਅਜੀਬ ਹੈ, ਪਰ ਉਹਦੇ ਸੁਣਨ ਵਾਲਿਆਂ ਨੂੰ ਇਹਦੀ ਪੂਰੀ ਸਮਝ ਹੋਵੇਗੀ'' (ਲੂਈਸ ਫ਼ੋਸਟਰ, ਨੋਟਸ ਆਨ ਐਕਟਸ, *ਦ NIV ਸਟੱਡੀ ਬਾਈਬਲ* [ਗ੍ਰੈਂਡ ਰੈਪਿਡਸ, ਮਿਸ਼ਿਗਨ: ਜੌਂਡਰਵਨ ਪਬਲਿਸ਼ਿੰਗ ਹਾਊਸ, 1985], 1655)। [15]ਇਹ 5 ਤੋਂ 7 ਆਇਤਾਂ ਦੀ ਗੱਲ ਹੈ। [16]ਕੂਚ 2:2, 3. ਇਸਤੀਫ਼ਾਨ ਨੇ ਸੰਕੇਤ ਦਿੱਤਾ ਕਿ ਕੁਝ ਇਸਰਾਏਲੀਆਂ ਨੇ ਅਸਲ ਵਿਚ ਫ਼ਿਰੌਨ ਦੇ ਹੁਕਮ ਦਾ ਪਾਲਨ ਕੀਤਾ ਸੀ। [17]''ਸੁੱਟਿਆ ਗਿਆ'' ਸ਼ਬਦ ਦਾ ਅਰਥ ਹੋ ਸਕਦਾ ਹੈ ਕਿ ਮੂਸਾ ਦੇ ਮਾਂ ਪਿਓ ਨੇ ਫ਼ਿਰੌਨ ਦੇ ਹੁਕਮ ਦਾ ਪਾਲਨ ਕੀਤਾ। ਉਨ੍ਹਾਂ ਨੇ ਉਹਨੂੰ ਬਿਲਕੁਲ ਉਵੇਂ ਹੀ ਨਹੀਂ ਸੁੱਟਿਆ ਜਿਵੇਂ ਫ਼ਿਰੌਨ ਨੇ ਹੁਕਮ ਦਿੱਤਾ ਸੀ, ਇਸ ਲਈ ''ਸੁੱਟਿਆ ਗਿਆ'' ਸ਼ਾਇਦ ਸ਼ਬਦਾਂ ਦਾ ਹੇਰਫ਼ੇਰ ਹੈ। ਕੂੜੇ ਵਿਚ ''ਸੁੱਟਣ'' ਦੀ ਬਜਾਏ, ਮੂਸਾ ਨੂੰ ਫ਼ਿਰੌਨ ਦੀ ਬੇਟੀ ਕੋਲ ''ਸੁਟ'' ਦਿੱਤਾ ਗਿਆ। [18]ਇਸਤੀਫ਼ਾਨ ਨੇ ਮੂਸਾ ਦੇ ਵੱਡੇ ਹੋਣ ਬਾਰੇ ਵਿਸਤਾਰ ਨਾਲ ਦੱਸਿਆ ਜਿਹਦਾ ਕੂਚ ਦੀ ਕਿਤਾਬ ਵਿਚ ਪਤਾ ਨਹੀਂ ਲਗਦਾ। ਨੋਟ: ਜ਼ਰੂਰੀ ਨਹੀਂ ਕਿ ''ਬਚਨਾਂ ਵਿਚ ਸਮਰਥ'' ਕੂਚ 4:10 ਵਿਚ ਮੂਸਾ ਦੀ ਗੱਲ ਨਾਲ ਟਕਰਾਅ ਹੈ: (1) ''ਬਚਨਾਂ ਵਿਚ ਸਮਰਥ'' ਦਾ ਮਤਲਬ ਜ਼ਰੂਰੀ ਨਹੀਂ ਹੈ ਕਿ ''ਹਾਜ਼ਰ ਜਵਾਬ'' ਹੀ ਹੋਵੇ; ਇਹਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਮਿਸਰ ਵਿਚ ਉਹਦੀ ਗੱਲ ਦਾ ਵਜ਼ਨ ਸੀ। (2) ਹੋ ਸਕਦਾ ਹੈ ਕਿ ਕੂਚ 4:10 ਵਿਚ ਮੂਸਾ ਨੇ ਉਸ ਜ਼ਿੰਮੇਵਾਰੀ ਤੋਂ ਜੋ ਖ਼ੁਦਾ ਉਸ ਤੇ ਪਾਉਣ ਵਾਲਾ ਸੀ ਬਚਣ ਲਈ ਆਪਣੀ ਯੋਗਤਾ ਨੂੰ ਲੋੜ ਤੋਂ ਵੱਧ ਦੱਸ ਦਿੱਤਾ ਹੋਵੇ। [19]ਇਹ ਵਰਣਨ ਕੂਚ ਵਿਚ ਨਹੀਂ ਮਿਲਦਾ ਕਿ ਮਿਸਰ ਵਿੱਚੋਂ ਨਿੱਕਲਣ ਸਮੇਂ ਮੂਸਾ ਚਾਲੀ ਸਾਲਾਂ ਦਾ ਸੀ। [20]ਇਹ ਕੂਚ ਦੇ ਵਿਰਤਾਂਤ ਵਿਚ ਇਕ ਹੋਰ ਵਿਚਾਰ ਜੋੜ ਦਿੰਦਾ ਹੈ ਕਿ ਮੂਸਾ ਨੂੰ ਬਲਦੀ ਪਹਾੜੀ ਨੂੰ ਵੇਖਣ ਤੋਂ ਪਹਿਲਾਂ ਹੀ ਖ਼ੁਦਾਈ ਮਿਸ਼ਨ ਅਹੁੜ ਗਿਆ ਸੀ। ਇਸਤੀਫ਼ਾਨ ਦੇ ਕਹਿਣ ਤੋਂ ਭਾਵ ਇਹ ਹੈ ਕਿ ਜਦ ਉਨ੍ਹਾਂ ਨੇ ਮੂਸਾ ਨੂੰ ਚਾਲੀ ਸਾਲ ਦੀ ਉਮਰ ਵਿਚ ਠੁਕਰਾਇਆ ਤਾਂ ਉਹਦੇ ਛੁਟਕਾਰੇ ਲਈ ਖ਼ੁਦਾ ਦੇ ਭੇਜੇ ਹੋਏ ਨੂੰ ਠੁਕਰਾ ਰਹੇ ਸਨ।

[21]ਕੂਚ ਦੀ ਕਿਤਾਬ ਮੂਸਾ ਦੇ ਭਜਣ ਦਾ ਕਾਰਣ ਫ਼ਿਰੌਨ ਦੇ ਬਦਲੇ ਦਾ ਡਰ ਦੱਸਦੀ ਹੈ (ਕੂਚ 2:15)। ਇਸਤੀਫ਼ਾਨ ਦੇ ਸ਼ਬਦ ਇਸਰਾਏਲੀਆਂ ਵੱਲੋਂ ਠੁਕਰਾਏ ਜਾਣ ਦੀ ਪ੍ਰੇਰਣਾ ਦੀ ਗੱਲ ਕਰਦੇ ਹਨ। [22]ਇਸਤੀਫ਼ਾਨ ਨੇ ਪੂਰੇ ਉਪਦੇਸ਼ ਵਿਚ ਫ਼ਰਿਸ਼ਤਿਆਂ ਦੀ ਭੂਮਿਕਾ ਤੇ ਜ਼ੋਰ ਦਿੱਤਾ। ਯਾਦ ਰੱਖੋ ਕਿ ਸਦੂਕੀ, ਜਿਨ੍ਹਾਂ ਦਾ ਪ੍ਰਭਾਵ ਮਹਾ ਸਭਾ ਤੇ ਸੀ, ਫ਼ਰਿਸ਼ਤਿਆਂ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ! [23]ਵੇਖੋ ਜ਼ਬੂਰ 22:22. ਅਨੁਵਾਦ ਹੋਏ ਸ਼ਬਦ ''ਕਲੀਸੀਆ'' ਦਾ ਮੂਲ ਯੂਨਾਨੀ ਸ਼ਬਦ *ਏੱਕਲੇਸੀਆ* ਹੈ। ਇਸ ਸ਼ਬਦ ਦਾ ਰਸੂਲਾਂ ਦੇ ਕੰਮ ਕਿਤਾਬ ਵਿਚ ਆਮ ਤੌਰ ਤੇ ''ਮੰਡਲੀ'' ਜਾਂ ''ਕਲੀਸੀਆ'' ਅਨੁਵਾਦ ਵਿਚ ਹੋਇਆ ਹੈ। ਇਹਦਾ ਮਤਲਬ ਇਹ ਨਹੀਂ ਹੈ ਕਿ ਮਸੀਹ ਦੀ ਕਲੀਸੀਆ (ਮੱਤੀ 16:18) ਦੀ ਹੋਂਦ ਜੰਗਲ ਵਿਚ ਸੀ। ਇਸ ਸ਼ਬਦ ਦੀ ਵਰਤੋਂ ''ਸਭਾ'' ਦੇ ਅਰਥ ਵਿਚ ਹੋਈ ਹੈ। ''ਰਸੂਲਾਂ ਦੇ ਕੰਮ, ਭਾਗ 1'' ਦੀ ਅਰਥਾਵਲੀ ਵਿਚ ਵੇਖੋ ''ਕਲੀਸੀਆ।'' [24]ਰੋਮੀਆਂ 3:2; ਇਬਰਾਨੀਆਂ 5:12; 1 ਪਤਰਸ 4:11 ਵੀ ਵੇਖੋ। ਅਨੁਵਾਦ ਹੋਇਆ ਸ਼ਬਦ ''ਵਚਨ'' ਯੂਨਾਨੀ ਵਿਚ ਬਹੁਵਚਨ ਰੂਪ *logos (ਲੋਗੋਸ)* ਹੈ। ਮੂਲ ਵਿਚ ਇਸਤੀਫ਼ਾਨ ਨੇ ''ਜੀਉਂਦਾ ਵਚਨ'' ਸ਼ਬਦ ਦੀ ਵਰਤੋਂ ਕੀਤੀ। ਵਚਨ ਲਈ ਇੱਥੇ ਲਾਤੀਨੀ ਸ਼ਬਦ *oracles* ਹੈ ਜਿਹਦਾ ਅਰਥ ''ਕਹੇ ਗਏ ਬੋਲ'' ਹੈ। [25]ਕੂਚ 32:3, 35. ਇਹ ਮਿਸਰੀਆਂ ਵੱਲੋਂ ਕੀਤੀ ਜਾਣ ਵਾਲੀ ਬਲਦ ਦੀ ਪੂਜਾ ਦਾ ਅਸਰ ਸੀ। [26]ਇਨ੍ਹਾਂ ਸ਼ਬਦਾਂ ਦੀ ਤੁਲਨਾ ਰੋਮੀਆਂ 1:24, 26, 28 ਵਿਚ ''ਪ੍ਰਮੇਸ਼ਵਰ ਨੇ ਉਨ੍ਹਾਂ ਨੂੰ ... ਵੱਸ ਕਰ ਦਿੱਤਾ'' ਨਾਲ ਕਰੋ। [27]''ਅਕਾਸ਼ ਦੀ ਸੈਨਾ'' ਸੂਰਜ, ਚੰਨ ਅਤੇ ਤਾਰਿਆਂ ਨੂੰ ਕਿਹਾ ਗਿਆ ਹੈ। ਵੇਖੋ ਵਿਵਸਥਾਸਾਰ 17:3; 2 ਰਾਜਿਆਂ 17:16; 21:3; 2 ਇਤਿਹਾਸ 33:3, 4, 35; ਯਿਰਮਿਯਾਹ 8:2; 19:13. [28]ਇਹ ਇਕ ਲਪੇਟਵੀਂ ਪੱਤਰੀ ਸੀ ਜਿਸ ਵਿਚ ਸਾਰੇ ਕਥਿਤ ''ਛੋਟੇ ਨਬੀ'' ਆਉਂਦੇ ਸਨ। ਖ਼ਾਸ ਕਰਕੇ ਇਸਤੀਫ਼ਾਨ ਨੇ ਆਮੋਸ 5:25-27 ਦੇ ਸਪਤਤੀ (ਯੂਨਾਨੀ) ਅਨੁਵਾਦ 'ਚੋਂ ਹਵਾਲਾ ਦਿੱਤਾ। [29]ਉਨ੍ਹਾਂ ਦੇ ਪਾਪਾਂ ਲਈ ਜਾਨਵਰਾਂ ਦੀ ਕੁਰਬਾਨੀ ਤੇ ਵਿਚਾਰ ਕਰਨ ਦਾ ਇਹ ਇਕ ਦਿਲਚਸਪ ਤਰੀਕਾ ਹੈ। ਬੇਦੋਸ਼ੇ ਜਾਨਵਰਾਂ ਨੂੰ ਲੋਕਾਂ ਦੇ ਪਾਪਾਂ ਲਈ ਤਕਲੀਫ਼ ਸਹਿਣੀ ਪੈਂਦੀ ਸੀ। [30]''ਤੰਬੂ'' ਲਿਖਤ ਨੂੰ ਉਸੇ ਤਰ੍ਹਾਂ ਪੇਸ਼ ਕਰਦਾ ਹੈ। NIV ਵਿਚ ''ਮੋਲੇਕ ਦਾ ਮੰਦਿਰ'' ਹੈ।

[31]ਮੋਲੇਕ ਅਮੋਨੀਆਂ ਦੇ ਦੇਵਤੇ ਦਾ ਇਬਰਾਨੀ ਨਾਂਅ ਸੀ। ਰਿਫ਼ਾਨ ਯੂਨਾਨੀ ਦੇਵਤੇ ''ਸ਼ਨੀ'' ਲਈ ਵਰਤਿਆ ਜਾਣ ਵਾਲਾ ਸ਼ਬਦ ਸੀ ਜੋ ਰੌਸ਼ਨੀਆਂ ਦਾ ਦੇਵਤਾ ਸੀ। ਦੋਵੇਂ ਹੀ ਉਸ ''ਅਕਾਸ਼ ਦੀ ਸੈਨਾ'' ਦੇ ਭਾਗ ਸਨ ਜਿਨ੍ਹਾਂ ਦੀ ਉਪਾਸਨਾ ਇਸਰਾਏਲੀ ਕਰਦੇ ਸਨ (ਆਇਤ 42)। [32]ਆਮੋਸ ਨੇ ''ਦਮਿਸ਼ਕ'' ਦਿੱਤਾ ਹੈ। ਆਤਮਾ ਦੀ ਪ੍ਰੇਰਣਾ ਨਾਲ, ਇਸਤੀਫ਼ਾਨ ਨੇ ਉਹਦੀ ਥਾਂ ''ਬਾਬੁਲ'' ਦੱਸਿਆ, ਕਿਉਂਕਿ ਇਹ ਉਹ *ਆਖ਼ਰੀ* ਥਾਂ ਸੀ ਜਿੱਥੋਂ ਠੁਕਰਾਏ ਜਾਣ ਕਰਕੇ ਉਹ ਕੱਢੇ ਗਏ ਸਨ। [33]ਤੰਬੂ ਨੂੰ ''ਸਾਖੀ ਦਾ ਤੰਬੂ'' ਕਿਹਾ ਗਿਆ ਕਿਉਂਕਿ ਉਹਦੇ ਅੰਦਰ ਨੇਮ (ਜਾਂ ਸਾਖੀ) ਦਾ ਸੰਦੂਕ ਸੀ, ਜਿਸ ਵਿਚ ਦਸ ਹੁਕਮਾਂ ਵਾਲੀਆਂ ਪੱਥਰ ਦੀਆਂ ਪੱਟੀਆਂ ਸਨ (ਕੂਚ 25:22; 38:21)। [34]ਪੌਲੁਸ ਨੇ ਬਾਅਦ ਵਿਚ ਮੂਰਤੀਪੂਜਕ ਮੰਦਿਰਾਂ ਬਾਰੇ ਵੀ ਇਹੀ ਗੱਲ ਕਹੀ (ਰਸੂਲਾਂ ਦੇ ਕੰਮ 17:24)। [35]ਖ਼ੁਦਾ ਕਲੀਸੀਆ ਵਿਚ ਵਾਸ ਕਰਦਾ ਹੈ (1 ਕੁਰਿੰਥੀਆਂ 3:16, 17)। ਵੇਖੋ 1 ਪਤਰਸ 2:4-10. [36]ਯਸਾਯਾਹ ਨਬੀ ਨੇ ਇਸਤੀਫ਼ਾਨ ਵੱਲੋਂ ਦੁਹਰਾਏ ਸ਼ਬਦਾਂ ਦੇ ਝੱਟ ਬਾਅਦ ਸ਼ਬਦਾਂ ਵਰਗੀ ਗੱਲ ਯਸਾਯਾਹ 66:2 ਵਿਚ ਦਿੱਤੀ। [37]ਜਿੱਥੋਂ ਤਕ ਸਾਨੂੰ ਪਤਾ ਹੈ, ਉਸ ਨੂੰ ਪੱਥਰ ਮਾਰਨ ਵਾਲਿਆਂ ਵੱਲੋਂ ਉਹਦੇ ਉਪਦੇਸ਼ ਨੂੰ ਵਿੱਚੇ ਹੀ ਹੋਕ ਦਿੱਤਾ ਗਿਆ ਸੀ। ਰਸੂਲਾਂ ਦੇ ਕੰਮ ਵਿਚ ਹੁਣ ਤਕ ਹੋਰ ਵਿਸਤਾਰ ਵਿਚ ਉਪਦੇਸ਼ ਸੰਖੇਪ ਵਿਚ ਹੀ ਦਿੱਤੇ ਗਏ ਸਨ (ਪਵਿੱਤਰ ਆਤਮਾ ਰਾਹੀਂ ਸੰਪਾਦਿਤ), ਇਸ ਲਈ ਅਸੀਂ ਮੰਨ ਸਕਦੇ ਹਾਂ ਕਿ ਇਹ ਵੀ ਇਵੇਂ ਹੀ ਹੈ। ਹੋ ਸਕਦਾ ਹੈ ਕਿ ਇਸਤੀਫ਼ਾਨ ਨੇ ਕੁਝ ਪ੍ਰਾਸੰਗਿਕਤਾਵਾਂ ਦਿੱਤੀਆਂ ਹੋਣ ਜਿਨ੍ਹਾਂ ਦਾ ਲੂਕਾ ਨੇ ਜ਼ਿਕਰ ਨਹੀਂ ਕੀਤਾ। [38]''ਹਠੀ ਅਤੇ ਮਨ ਅਰ ਕੰਨ ਦੇ ਬੇਸੁੰਨਤੇ'' ਢੀਠ, ਪਹਿਲਾਂ ਤੋਂ ਮੁਤਅਸਬੀ ਅਤੇ ਹੁਕਮ ਨਾ ਮੰਨਣ ਵਾਲੇ ਲੋਕਾਂ ਲਈ ਵਰਤੀ ਜਾਣ ਵਾਲੀ ਪਾਰਿਭਾਸ਼ਿਕ ਸ਼ਬਦਾਵਲੀ ਹੈ (ਕੂਚ 33:3, 5; ਲੇਵੀਆਂ ਦੀ ਪੋਥੀ 26:41; ਯਿਰਮਿਯਾਹ 6:10; ਹਿਜ਼ਕੀਏਲ 44:7)। ''ਹਠੀ'' ਸ਼ਬਦ ਇਕ ਢੀਠ ਬਲਦ ਲਈ ਵਰਤਿਆ ਜਾਂਦਾ ਸੀ ਜੋ ਆਪਣੀ ਧੌਣ ਨੂੰ ਜੂਏ ਵਿਚ ਪਾਉਣ ਤੋਂ ਇਨਕਾਰ ਕਰਦਾ ਸੀ। ਸੁੰਨਤ ਖ਼ੁਦਾ ਦੇ ਮਤਹਿਤ ਹੋਣ ਦਾ ਇਕ ਨਿਸ਼ਾਨ ਸੀ। ਇਸ ਲਈ, ''ਮਨ ਅਤੇ ਕੰਨ ਦੇ ਬੇਸੁੰਨਤੇ'' ਤੋਂ ਭਾਵ ਸੀ ਕਿ ਉਨ੍ਹਾਂ ਨੇ ਸਰੀਰ ਤੋਂ ਖ਼ੁਦਾ ਦੀ ਅਧੀਨਤਾ ਮੰਨ ਲਈ ਸੀ, ਪਰ ਦਿਲੋਂ ਨਹੀਂ। ਉਨ੍ਹਾਂ ਨੇ ਆਪਣੇ ਮਨਾਂ ਨੂੰ ਸ਼ਖ਼ਤ ਕਰ ਲਿਆ ਸੀ ਅਤੇ ਖ਼ੁਦਾ ਦੇ ਭੇਜਿਆਂ ਹੋਇਆਂ ਦੀ ਗੱਲ ਵੱਲ ਧਿਆਨ ਲਾਉਣ ਤੋਂ ਇਨਕਾਰ ਕਰ ਦਿੱਤਾ ਸੀ। [39]ਗਿਣਤੀ 27:14. ਉਨ੍ਹਾਂ ਨੇ ਉਨ੍ਹਾਂ ਨਬੀਆਂ ਦਾ ਪਵਿੱਤਰ ਆਤਮਾ ਦੇ ਰਾਹੀਂ ਬੋਲਦੇ ਸਨ, ਸਾਹਮਣਾ ਕਰਕੇ ਪਵਿੱਤਰ ਆਤਮਾ ਦਾ ਸਾਹਮਣਾ ਕੀਤਾ ਸੀ (2 ਪਤਰਸ 1:21)। ਅੱਜ ਜਦ ਲੋਕ ਖੁਸ਼ਖ਼ਬਰੀ ਨੂੰ ਠੁਕਰਾਉਂਦੇ ਹਨ ਤਾਂ ਉਹ ਵੀ ਪਵਿੱਤਰ ਆਤਮਾ ਦਾ ਸਾਹਮਣਾ ਕਰ ਰਹੇ ਹੁੰਦੇ ਹਨ।


(ਕਾਲਾ ਸਮੁੰਦਰ)
ਅਰਾਰਾਤ ਪਹਾੜ
(ਕੈਸਪੀਅਨ ਸਾਗਰ)
ਫਰਾਤ ਦਰਿਆ
ਹਾਰਾਨ
ਹਿੱਦਕਲ ਦਰਿਆ
ਮੈਸੋਪੋਟਾਮੀਆ
ਕਨਾਨ
ਬਾਬੁਲ
ਮਹਾਸਾਗਰ
ਯਰਦਨ ਦਰਿਆ
ਊਰ
ਯਰੂਸ਼ਲਮ
(ਫ਼ਾਰਸ ਦੀ ਖਾੜੀ)
ਸੀਨਈ ਪਹਾੜ
ਅਰਬ
ਨੀਲ ਦਰਿਆ
ਮਿਸਰ
ਲਾਲ ਸਮੁੰਦਰ

**_ਪੁਰਾਣੇ ਨੇਮ ਦੀ ਦੁਨੀਆਂ_**